# ਸੰਤ ਸਿਪਾਹੀ ਸਤਿਗੁਰੂ

ਗਿਆਨੀ ਨਾਹਰ ਸਿੰਘ ਜੀ


੧

੧ੴ ਸਤਿਗੁਰਪ੍ਰਸਾਦਿ ॥ ॥

॥ ਜਾਪੁ ॥ ॥ਸ੍ਰੀਮੁਖਵਾਕਪਾਤਿਸਾਹੀ ੧੦ ॥ਛਪੈਛੰਦ ॥

ਤ੍ਵਪ੍ਰਸਾਦਿ ॥ ॥ਚਕ੍ਰਚਿਹਨਅਰਬਰਨਜਾਤਿਅਰਪਾਤਿਨਹਿ

ਨਜਿਹ ॥ਰੂਪਰੰਗਅਰੁਰੇਖਭੇਖਕੋਊਕਹਿਨਸਕਤਿਕਿਹ ॥ਅ

ਚਲਮੂਰਤਿਅਨਭਉਪ੍ਰਕਾਸਅਮਿਤੋਜਕਹਿਜੈ ॥ਕੋਟਿਇੰਦ੍ਰਇੰ

ਦ੍ਰਾਣਸਾਹਸਾਹਾਣਗਣਿਜੈ ॥ਤ੍ਰਿਭਵਣਮਹੀਪਸੁਰਨ

ਰਅਸੁਰਨੇਤਿਨੇਤਿਬਨਤ੍ਰਿਣਕਹਤ ॥ਤ੍ਵਸ

ਰਬਨਾਮਕਥੈਕਵਨਕਰਮਨਾਮਬਰ

ਸ੍ਰੀ ਦਸਮ ਗ੍ਰੰਥ ਸਾਹਿਬ ਜੀ

ਇਹ ਪਹਿਲੇ ਅੰਗ ਦੇ ਦਰਸ਼ਨ ਹਨ ਜਿਸ ਤੇ ਸ੍ਰੀ ਜਾਪੁ ਸਾਹਿਬ ਜੀ ਦੀ ਬਾਣੀ ਅੰਕਿਤ ਹੈ।

ੴ ਸ੍ਰੀਵਾਹਿਗੁਰੂਜੀਕੀਫਤੇ॥

# ਸੰਤ ਸਿਪਾਹੀ ਸਤਿਗੁਰੂ

ਲੇਖਕ
ਗਿਆਨੀ ਨਾਹਰ ਸਿੰਘ ਜੀ
ਗੁਜਰਵਾਲ

ਪ੍ਰਕਾਸ਼ਕ
ਪਿਆਰੇ ਜੀਓ ਟਰੱਸਟ
ਕੈਨੇਡਾ

ਕਾਪੀ ਰਾਈਟ : ਪਿਆਰੇ ਜੀਓ ਟਰੱਸਟ, ਕੈਨੇਡਾ

ਪਹਿਲੀ ਵਾਰ : ਦਸੰਬਰ ੨੦੨੧

ਭੇਟਾ ਰਹਿਤ

*ਵੈਬਸਾਈਟ :*
**www.pyarejeeo.org**

*ਪ੍ਰਿੰਟਰ :*
ਪ੍ਰਿੰਟਵੈੱਲ, ੧੪੬, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸੂਚਨਾ

ਇਹ ਟ੍ਰੈਕਟ ਗਿਆਨੀ ਨਾਹਰ ਸਿੰਘ ਜੀ ਨੇ ਬਹੁਤ ਬਰਸ ਹੋਏ, ਲਿਖਿਆ ਸੀ। ਅੱਜ ੨੦੨੧ ਵਿਚ ਦਾਸ ਨੂੰ ਇਹ ਪੁਰਾਣੇ ਕਾਗਜਾਂ ਵਿਚੋਂ ਲੱਭਾ। ਇਸ ਛੋਟੇ ਜਿਹੇ ਟ੍ਰੈਕਟ ਨੂੰ ਪੜ੍ਹਦਿਆਂ ਹੀ ਮਨ ਵਿਚ ਖਿੱਚ ਪੈਦਾ ਹੋਈ ਕਿ ਆਉਂਦੇ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਮੌਕੇ ਇਸ ਨੂੰ ਸੰਗਤਾਂ ਵਿਚ ਵੱਧ ਤੋਂ ਵੱਧ ਪ੍ਰਚਾਰਿਆ ਜਾਵੇ। ਇਸ ਟ੍ਰੈਕਟ ਵਿਚ ਹੇਠ ਲਿਖੇ ਵਿਸ਼ੇ ਅੰਕਿਤ ਹਨ :

੧. ਦਸਮ ਪਾਤਸ਼ਾਹ ਦਾ ਮਿਸ਼ਨ
੨. ਖੰਡੇ ਦੀ ਧਾਰ ਵਿਚੋਂ ਸ਼ਾਂਤੀ
੩. ਗੁਰੂ ਸਾਹਿਬ ਦੀ ਪਵਿੱਤਰ ਬਾਣੀ
੪. ਜੰਗਾਂ ਯੁੱਧਾਂ ਦਾ ਵੇਰਵਾ
੫. ਗੁਰੂ ਸਾਹਿਬ ਦੇ ਸਫ਼ਰ
੬. ਗੁਰੂ ਸਾਹਿਬ ਦੀ ਸ਼ਖ਼ਸੀਅਤ
੭. ਗੁਰੂ ਸਾਹਿਬ ਤੇ ਪੰਥ ਖਾਲਸਾ

ਆਸ ਹੈ ਪਾਠਕ ਜਨ ਪ੍ਰੇਮ ਸਹਿਤ ਪੜ੍ਹ ਕੇ ਨਿਹਾਲ ਹੋਣਗੇ !

ਵਾਹਿਗੁਰੂਜੀਕਾਖਾਲਸਾ॥ਵਾਹਿਗੁਰੂਜੀਕੀਫਤੇ॥

ਭਜਨੀਤ ਸਿੰਘ
ਸੰਪਾਦਕ

# ਸੰਤ ਸਿਪਾਹੀ ਸਤਿਗੁਰੂ

## ੧. ਦਸਮ ਪਾਤਸ਼ਾਹ ਦਾ ਮਿਸ਼ਨ

ਕਿਸੇ ਵਿਅਕਤੀ ਨੂੰ ਉਸ ਦੀ ਕਥਨੀ ਤੇ ਕਰਨੀ ਤੋਂ ਜਾਣਿਆ ਜਾਂਦਾ ਹੈ। ਜਿਸ ਦੀ ਕਹਿਣੀ ਤੇ ਕਰਨੀ ਇਕਸਾਰ ਹੈ, ਅਰਥਾਤ ਜੋ ਕੁਝ ਉਸ ਦੇ ਬਚਨ ਹਨ, ਉਨ੍ਹਾਂ ਅਨੁਸਾਰ ਹੀ ਉਸ ਦੇ ਕੰਮ ਹਨ, ਉਹ ਵਿਅਕਤੀ ਧੰਨ ਹੈ। ਉਸ ਦੇ ਉਪਦੇਸ਼ ਹੀ ਹੋਰਨਾਂ ਨੂੰ ਸੁਮਾਰਗ ਪਾਉਣ ਵਾਲੇ ਤੇ ਕਲਿਆਣਕਾਰੀ ਹੁੰਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਨੂੰ ਜਾਨਣ ਲਈ ਉਨ੍ਹਾਂ ਦੀ ਬਾਣੀ ਸਾਡੀ ਅਗਵਾਈ ਕਰਦੀ ਹੈ। ਬਚਿੱਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ ਗੁਰੂ ਸਾਹਿਬ ਆਪਣੇ ਬਾਬਤ ਲਿਖਦੇ ਹਨ ਕਿ ਮੈਨੂੰ ਅਕਾਲ ਪੁਰਖ ਨੇ ਆਪ ਧਰਮ ਦੇ ਪ੍ਰਚਾਰ ਲਈ ਭੇਜਿਆ ਹੈ। ਅਕਾਲ ਪੁਰਖ ਨੇ ਜੋ ਮੈਨੂੰ ਕਿਹਾ ਹੈ, ਮੈਂ ਉਹੋ ਕਹਿੰਦਾ ਹਾਂ, ਕਿਸੇ ਨਾਲ ਮੇਰਾ ਵੈਰ ਨਹੀਂ :

ਮੈਹੋਪਰਮਪੁਰਖਕੋਦਾਸਾ॥
ਦੇਖਨਆਯੋਜਗਤਤਮਾਸਾ॥
ਜੋਪ੍ਰਭਜਗਤਿਕਹਾਸੋਕਹਿਹੋਂ॥
ਮ੍ਰਿਤਲੋਕਤੇਮੋਨਨਰਹਿਹੋਂ॥੩੩॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੫੭)

ਗੁਰੂ ਸਾਹਿਬ ਨੇ ਆਪਣਾ ਉਦੇਸ਼ ਸਾਫ਼ ਸ਼ਬਦਾਂ ਵਿਚ ਇਉਂ ਪ੍ਰਗਟ ਕੀਤਾ :

ਹਮਇਹਕਾਜਜਗਤਮੋਆਏ॥
ਧਰਮਹੇਤਗੁਰਦੇਵਪਠਾਏ॥
ਜਹਾਂਤਹਾਂਤੁਮਧਰਮਬਿਥਾਰੋ॥
ਦੁਸਟਦੋਖੀਅਨਿਪਕਰਿਪਛਾਰੋ॥੪੨॥
ਯਾਹੀਕਾਜਧਰਾਹਮਜਨਮੰ॥
ਸਮਝਲੇਹੁਸਾਧੂਸਭਮਨਮੰ॥
ਧਰਮਚਲਾਵਨਸੰਤਉਬਾਰਨ॥
ਦੁਸਟਸਭਨਕੋਮੂਲਉਪਾਰਨ॥੪੩॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੫੮)

ਅਰਥਾਤ ਮੈਨੂੰ ਅਕਾਲ ਪੁਰਖ ਨੇ ਧਰਮ ਚਲਾਵਨ ਲਈ ਭੇਜਿਆ ਹੈ। ਜੋ ਮੈਨੂੰ ਅਕਾਲ ਪੁਰਖ ਨੇ ਕਿਹਾ ਹੈ, ਮੈਂ ਓਹੋ ਕਹਿੰਦਾ ਹਾਂ। ਮੈਂ ਕਿਸੇ ਦੀ ਕਾਣ ਨਹੀਂ ਰਖਦਾ। ਮੇਰਾ ਉਦੇਸ਼ ਦੁਸ਼ਟਾਂ ਦਾ ਸੰਘਾਰ ਕਰਨਾ ਤੇ ਸੰਤਾਂ ਦੀ ਰਖਿਆ ਕਰਨਾ ਹੈ।

ਗੁਰੂ ਸਾਹਿਬ ਨੇ ਆਪਣੀ ਸਾਰੀ ਆਯੂ ਇਸੇ ਉਦੇਸ਼ ਦੀ ਪੂਰਤੀ ਲਈ ਅਕਾਲ ਪੁਰਖ ਦੀ ਆਗਿਆ ਅਨੁਸਾਰ ਕੰਮ ਕੀਤਾ। ਖਾਲਸਾ ਪੰਥ ਸਾਜ ਕੇ ਦੁਨੀਆਂ ਵਿਚ ਇਕ ਨਿਰਾਲਾ ਪੰਥ ਕਾਇਮ ਕਰਨ ਦਾ ਪੂਰਨਾ ਪਾਇਆ।

## ੨. ਖੰਡੇ ਦੀ ਧਾਰ ਵਿਚੋਂ ਸ਼ਾਂਤੀ

ਗੁਰੂ ਦਸਮ ਪਾਤਸ਼ਾਹ ਨੇ ਜੀਵਾਂ ਨੂੰ ਆਵਾਗੌਣ ਤੋਂ ਛੁਟਕਾਰਾ ਪਾਉਣ ਲਈ ਸਤਿਨਾਮ ਦਾ ਖੰਡਾ ਬਖ਼ਸ਼ਿਆ ਤੇ ਸੰਸਾਰ ਵਿਚ ਜੀਵਨ ਨਿਰਬਾਹ ਲਈ ਸਰਬਲੋਹ ਦਾ ਖੰਡਾ ਬਖ਼ਸ਼ਿਆ। ਗੁਰੂ ਸਾਹਿਬ ਦੀ ਖੰਡੇ ਦੀ ਫ਼ਿਲਾਸਫ਼ੀ ਬੜੀ ਗੂੜ੍ਹ ਹੈ, ਜਿਸ ਨੂੰ ਆਮ ਸਮਝ ਤੇ ਖਾਸ ਕਰਕੇ ਦੁਨਿਆਵੀ ਫ਼ਿਲਾਸਫ਼ੀ ਵਾਲੇ ਸਮਝ ਨਹੀਂ ਸਕਦੇ। ਸੋ ਗੁਰੂ ਸਾਹਿਬਾਨ ਦੀ ਅਗਾਧ ਗਤੀ ਹੈ।

ਗੁਰੂ ਸਾਹਿਬ ਨੇ ਪ੍ਰਾਣੀਆਂ ਨੂੰ ਮਨ ਤੇ ਸਰੀਰ ਕਰਕੇ ਨਰੋਏ ਰਹਿਣ ਦੀ ਸਿਖਿਆ ਦਿਤੀ ਹੈ। ਮਨ ਨਾਮ ਦੇ ਆਸਰੇ ਹੀ ਨਰੋਆ ਰਹਿ ਕੇ ਦ੍ਰਿੜ ਰਹਿ ਸਕਦਾ ਹੈ। ਦੁਸ਼ਟਾਂ ਤੋਂ ਬਚਾਉ ਲਈ ਸਰਬਲੋਹ ਦੇ ਖੰਡੇ ਦੀ ਲੋੜ ਹੈ, ਜਦ ਤੋਂ ਗੁਰੂ ਸਾਹਿਬ ਨੇ ਖਾਲਸੇ ਨੂੰ ਖੰਡੇ ਦੀ ਪਾਹੁਲ ਛਕਾ ਕੇ ਸਾਵਧਾਨ ਕੀਤਾ ਹੈ, ਉਦੋਂ ਤੋਂ ਹੀ ਜਦ ਕਦੇ ਸਮਾਂ ਬਣਿਆ ਹੈ, ਖੰਡੇ ਦੇ ਅੰਮ੍ਰਿਤ ਤੇ ਖੰਡੇ ਨੇ ਆਪਣੇ ਜੌਹਰ ਦਿਖਾਏ ਹਨ। ਪਿਛਲੇ ਢਾਈ ਸੌ ਸਾਲ ਦਾ ਇਤਿਹਾਸ ਏਸ ਗੱਲ ਦਾ ਗਵਾਹ ਹੈ।

ਛੇਵੇਂ ਪਾਤਸ਼ਾਹ ਨੇ ਦੋ ਤਲਵਾਰਾਂ ਪਹਿਨ ਕੇ ਮੀਰੀ ਪੀਰੀ ਅਰਥਾਤ ਸ਼ਾਂਤੀ ਰਸ ਤੇ ਬੀਰ ਰਸ ਨੂੰ ਇਕੱਠਾ ਕਰਕੇ ਇਕ ਨਵਾਂ ਪੂਰਨਾ ਪਾਇਆ ਅਤੇ ਇਸ ਪ੍ਰਕਾਰ ਖੰਡੇ ਦੀ ਫ਼ਿਲਾਸਫ਼ੀ ਦਾ ਆਰੰਭ ਹੋਇਆ ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਖੰਡੇ ਦੇ ਅੰਮ੍ਰਿਤ ਦਾ ਧੁਰਵਾ ਬੰਨ੍ਹ ਕੇ ਮੁਕੰਮਲ ਕੀਤਾ। ਦਸਮ ਪਾਤਸ਼ਾਹ ਨੇ ਅਕਾਲ ਨੂੰ ਭੀ ਸ਼ਸਤਰਾਂ ਤੇ ਸਰਬ ਲੋਹ ਦੇ ਨਾਮ ਨਾਲ ਯਾਦ ਕੀਤਾ। ਅਕਾਲ ਪੁਰਖ ਦੇ ਨਾਮ ਵੀ ਸ੍ਰੀ ਖੜਗ, ਸ੍ਰੀ ਅਸਿਧੁਜ ਆਦਿ ਰਖ ਕੇ ਖੰਡੇ ਦੀ ਫ਼ਿਲਾਸਫ਼ੀ ਦਾ ਆਪਣੀ ਬਾਣੀ ਦੁਆਰਾ ਪ੍ਰਚਾਰ ਕੀਤਾ।

ਖੰਡੇ ਦੀ ਫ਼ਿਲਾਸਫ਼ੀ ਸਮਝਣੀ ਸੌਖੀ ਨਹੀਂ। ਇਕ ਵਾਰ ਤਰਨ ਤਾਰਨ ਸਾਹਿਬ ਦਾਸ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬੈਠੇ ਵਿਚਾਰ ਕਰ ਰਹੇ ਸੀ, ਤਦ ਆਪ ਨੇ ਕਿਹਾ ਸੀ ਕਿ "ਇਹ ਗੱਲ ਤੁਹਾਡੀ ਸਮਝ ਵਿਚ ਆਉਣੀ ਮੁਸ਼ਕਲ ਹੈ ਕਿ ਅਕਾਲ ਪੁਰਖ ਖੰਡੇ ਦਾ ਰੂਪ ਹੀ ਹੈ"। ਗੁਰੂ ਸਾਹਿਬ ਜਦ ਕਿਸੇ ਪਰ ਬਖ਼ਸ਼ਿਸ਼ ਕਰਿਆ ਕਰਦੇ ਸਨ, ਉਹ ਕੋਈ ਨਾ ਕੋਈ ਸ਼ਸਤਰ ਬਖਸ਼ਿਆ ਕਰਦੇ ਸਨ। ਥਾਉਂ ਥਾਈਂ ਉਨ੍ਹਾਂ ਦੀ ਬਖਸ਼ਿਸ਼ ਦੇ ਸ਼ਸਤਰ ਪੰਜਾਬ ਵਿਚ ਤੇ ਹੋਰ ਥਾਈਂ ਹੁਣ ਤਕ ਮੌਜੂਦ ਹਨ। ਮਾਤਾ ਸਾਹਿਬ ਕੌਰ ਜੀ ਨੂੰ ਭੀ ਆਪ ਨੇ ਪੰਜ ਸ਼ਸਤਰ ਬਖਸ਼ਿਸ਼ ਕਰਕੇ ਕਿਹਾ ਸੀ ਕਿ ਜਦ ਇਨ੍ਹਾਂ ਦੇ ਦਰਸ਼ਨ ਕਰਿਆ ਕਰੋਗੇ ਤਾਂ ਸਾਡਾ ਦੀਦਾਰ ਹੋਵੇਗਾ। ਇਨ੍ਹਾਂ ਸ਼ਸਤਰਾਂ ਵਿਚੋਂ ਦੋ ਤਲਵਾਰਾਂ ਹੁਣ ਭੀ ਮਾਤਾ ਸੁੰਦਰ ਕੌਰ ਜੀ ਦੇ ਗੁਰੂਦੁਆਰੇ ਨਵੀਂ ਦਿੱਲੀ ਵਿਖੇ ਮੌਜੂਦ ਹਨ।

## ਖੰਡੇ ਦੀ ਧਾਰ ਵਿਚੋਂ ਸ਼ਾਂਤੀ ਦੀ ਮਿਸਾਲ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਮਤਿ ਪ੍ਰਕਾਸ਼' ਵਿਚ ਲਿਖਿਆ ਹੈ ਕਿ ਜਿਸ ਕਿਸੇ ਨੂੰ ਸ੍ਰੀ ਦਸਮੇਸ਼ ਜੀ ਦਾ ਤੀਰ ਵਜਦਾ ਸੀ, ਉਸਨੂੰ ਸੁਆਦ ਆ ਜਾਂਦਾ ਸੀ ਭਾਵ ਉਸਨੂੰ ਸੱਚੀ ਸ਼ਾਂਤੀ ਪ੍ਰਾਪਤ ਹੋ ਜਾਂਦੀ ਸੀ:

*"ਭੁੱਲਿਓ ਲੋਕੋ! ਕੀ ਇਹ ਸ਼ੱਤਰਤਾ ਦੇ ਬਾਣ ਹਨ, ਜੋ ਸ੍ਰੀ ਦਸਮੇਸ਼ ਜੀ ਨੇ ਸ਼ੱਤਰੂ ਦਲ ਤੇ ਵਾਹੇ? ਨਹੀਂ! ਨਹੀਂ!! ਇਹ ਤਾਂ ਕਲਿਆਣ-ਦਾਤੇ ਪ੍ਰੇਮ ਦੇ ਅਮੋਘ ਛਾਂਦੇ ਸਨ, ਜੋ ਵਡਭਾਗਿਆਂ ਨੂੰ ਮਿਲੇ। ਇਤਿਹਾਸ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਿਸ ਜਿਸ ਜੋਧੇ ਨੂੰ ਸ੍ਰੀ ਦਸਮੇਸ਼ ਧਨੁਖਧਾਰੀ ਦੇ ਤੇਜ-ਪਾਰਸੀ-ਮੁਖੀ ਵਾਲੇ ਬਾਣ ਲੱਗੇ, ਤਿਸ ਤਿਸ ਦੇ ਹਿਰਦੇ ਵਿਚ ਪ੍ਰੇਮ ਦੀ ਝਰਨਾਹਟ ਫਿਰ ਗਈ ਤੇ ਤਿਸ ਤਿਸ ਨੂੰ ਹੀ ਬਿਸਮਾਦ ਰਸ ਦੇ ਅਗਾਧ ਸੁਆਦ ਆਏ। ਪੀੜਾ ਦੇ ਥਾਉਂ ਪ੍ਰੇਮ-ਨਿਮਗਨਤਾ ਹੋਈ। 'ਹਾਇ, ਉਫ਼' ਦੀ ਥਾਉਂ 'ਵਾਹੁ ਵਾਹੁ, ਧੰਨ ਧੰਨ' ਦੀ ਸੁਰ ਭਰੀ ਆਵਾਜ਼ ਮੁੱਖ ਤੋਂ ਨਿਕਲੀ। ਪ੍ਰੇਮ ਪਦਾਰਥ ਤੋਂ ਸੁੰਞੇ, ਗੁਰੂ ਸ਼ਰਧਾ ਤੋਂ ਵਿਰਵੇ ਖੁਸ਼ਕ ਫ਼ਿਲਾਸਫ਼ਰਾਂ ਨੂੰ ਪ੍ਰੇਮ ਦੀ ਫ਼ਿਲਾਸਫ਼ੀ ਦਾ ਕੀ ਪਤਾ? ਏਸ ਪ੍ਰੇਮ ਦੀ ਸਾਰ ਭਾਈ ਨੰਦ ਲਾਲ ਜੀ ਸਾਰਖੇ ਆਰਫ ਹੀ ਜਾਣਨ, ਜਿਨ੍ਹਾਂ ਨੂੰ ਕਿ:*

**ਮਾਨਮੇਆਰੇਮਤਾਬੇਗਮਜ਼ਾ-ਏ-ਮਿਯਗਾਨਿਊ।**
**ਯਕਨਿਗਾਹਿਜਾਂਫਿਜ਼ਾਇਸ਼ਬਸਬਵਦਦਰਕਾਰਿਮਾ।੨।**

(ਭਾਈ ਨੰਦ ਲਾਲ ਜੀ - ਗ਼ਜ਼ਲ ੨)

*ਦੇ ਜ਼ਿੰਦਾ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਇਹ ਨਿਗਾਹੇ-ਮੁਬਾਰਕ ਦਾ ਇਕ ਬਾਣ ਹੀ ਜਾਨ ਪਾਉਣ ਵਾਲਾ ਪ੍ਰਤੀਤ ਹੁੰਦਾ ਹੈ। ਨਜ਼ਰੇ ਮੁਕੱਦਸ ਦੇ ਪਾਰਸ ਪ੍ਰੇਮ-ਤੀਰ ਵਿਚ ਇਕ ਅਬਦੀ ਜ਼ੀਸਤ (ਸਦੈਵੀ ਜੀਵਨ) ਦੇਣ ਵਾਲੀ ਜ਼ਿੰਦਾ ਕਰਾਮਾਤ ਅਤੇ ਪਾਕ ਤਾਸੀਰ ਕੇਵਲ ਉਨ੍ਹਾਂ ਨਦਰੀ ਨਦਰ ਨਿਹਾਲ ਹੋ ਕੇ ਨਦਰਿਸ਼ਟ ਜਨਾਂ ਨੂੰ ਹੀ ਮਨ ਬਚ ਕ੍ਰਮ ਕਰਕੇ ਪ੍ਰਤੀਤ ਹੋਈ ਹੈ, ਜਿਨ੍ਹਾਂ ਉੱਤੇ ਕਿ ਭੂਤ ਭਵਾਨ ਵਿਖੇ ਇਹ ਨਦਰ ਸੱਚ ਮੁੱਚ ਅਤੇ ਪ੍ਰਤੱਖ ਵਾਪਰੇ ਤਜਰਬੇ ਵਿਚ ਹੋਈ ਹੈ। ਉਹ ਪਾਰਸ-ਕਲਾ ਵਾਲੇ ਸੱਚੇ ਕੀਮੀਆਗਰ ਪਾਤਸ਼ਾਹ ਦੇ ਕਰ-ਕੰਵਲਾਂ ਨਾਲ ਸਪੱਰਸ਼ੇ ਗਏ। ਸਰਬਲੋਹੀ ਬਾਣ ਭੀ ਅਣਿਆਲੇ ਨੂਰ ਤੇਜਸਵੀ ਪ੍ਰੇਮ-ਬਾਣ ਹੋ ਗਏ। ਤਿਨ੍ਹਾਂ ਦੀ ਪੀੜਾ ਕਿਸ ਨੂੰ ? ਤਿਨ੍ਹਾਂ ਨੇ ਕਿਸੇ ਨੂੰ ਕੀ ਘਾਇਲ ਕਰਨਾ ਤੇ ਕੀ ਮਾਰ ਮੁਕਾਉਣਾ ? ਤਿਨ੍ਹਾਂ ਨੂੰ ਤਾਂ ਜ਼ੀਸਤ ਅਬਦੀ (ਸਦੈਵੀ ਜੀਵਨੀ) ਹਾਸਲ ਹੋ ਗਈ। ਹਾਂ ਜੀ ! ਸ੍ਰੀ ਦਸਮੇਸ਼ ਸਾਹਿਬ ਸੱਚੇ ਪਾਤਸ਼ਾਹ ਸੱਚ ਮੁੱਚ ਜੀਅ ਦਾਨ ਦੇਣ ਆਏ, ਮੋਇਆਂ ਨੂੰ ਅਮਰ ਕਰਾਉਣ ਆਏ।"*

ਗੁਰੂ ਸਾਹਿਬ ਦੇ ਨਾਮ ਦੇ ਖੰਡੇ, ਸਰਬ ਲੋਹੀ ਖੰਡੇ ਦਾ ਵਾਰ ਕਿਵੇਂ ਖਾਲੀ ਜਾ ਸਕਦਾ ਹੈ ! ਦੋਹਾਂ ਤਰ੍ਹਾਂ ਦਾ ਖੰਡਾ ਪ੍ਰਾਣੀ ਲਈ ਕਲਿਆਣਕਾਰੀ ਹੈ। ਇਸ ਗੱਲ ਨੂੰ ਸੌਖਾ ਸਮਝਣ ਲਈ ਤਿੰਨ ਉਦਾਹਰਣ ਦੇਣੇ ਕਾਫੀ ਹੋਣਗੇ।

੧. ਗੋਪਾਲ ਦਾਸ ਬੈਰਾਗੀ ਨੇ ਕੁਰਛੇਤਰ ਵਿਚ ਕਿਸੇ ਪਾਸੋਂ ਗੁਰਬਾਣੀ ਦਾ ਪਾਠ ਸੁਣਿਆ ਤੇ ਪਤਾ ਕੀਤਾ ਕਿ ਇਹ ਬਾਣੀ ਕਿਸਦੀ ਹੈ। ਉੱਤਰ ਮਿਲਿਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੇ ਉਨ੍ਹਾਂ ਦੀ ਗੱਦੀ ਵਾਲੇ ਹੋਰ ਗੁਰੂ ਸਾਹਿਬਾਂ ਦੀ ਬਾਣੀ ਹੈ ਤੇ ਅੱਜ ਕਲ ਇਨ੍ਹਾਂ ਦੀ ਗੱਦੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਿਰਾਜਮਾਨ ਹਨ। ਉਹ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਪਹੁੰਚਿਆ, ਸ਼ਾਹੀ ਠਾਠ ਤੇ ਫ਼ੌਜੀ ਰੰਗ ਦੇਖ ਕੇ ਸੋਚਣ ਲਗਾ ਕਿ ਮੈਂ ਤਾਂ ਸਮਝਿਆ ਸੀ ਕਿ ਵੈਸ਼ਨੋ ਸਾਧੂ ਹੋਣਗੇ ਪ੍ਰੰਤੂ ਇਹ ਤਾਂ ਹਿੰਸਕ ਹਨ, ਫ਼ੌਜਾਂ ਰਖਦੇ ਤੇ ਯੁੱਧ ਕਰਦੇ ਹਨ। ਇਹ ਸੋਚ ਕੇ ਮੁੜ ਚਲਿਆ ਪਰ ਫੇਰ ਖਿਆਲ ਆਇਆ ਇਤਨੀ ਦੂਰੋਂ ਆਇਆ ਹਾਂ ਚਲੋ ਦੇਖ ਚਲੋ। ਇਹ ਸੋਚ ਕੇ ਦਰਸ਼ਕਾਂ

ਦੀ ਕਤਾਰ ਵਿਚ ਖੜੋ ਗਿਆ। ਖਾਲਸਾਈ ਫ਼ੌਜ ਲੰਘ ਰਹੀ ਸੀ, ਜਦੋਂ ਗੁਰੂ ਦਸਮੇਸ਼ ਜੀ ਘੋੜੇ ਪਰ ਸਵਾਰ ਨੇੜੇ ਆਏ ਤਾਂ ਉਨ੍ਹਾਂ ਬੰਦੂਕ ਹੱਥ ਵਿਚ ਲੈ ਕੇ ਪੁਕਾਰਿਆ, "ਹੇ ਭਰਮ ਭਰਮ ਆਏ ਬੈਰਾਗੀਅੜੇ ਇਧਰ ਆ।" ਇਹ ਕਹਿ ਕੇ ਉਸਦੇ ਮੋਢੇ ਪਰ ਬੰਦੂਕ ਰਖ ਦਿਤੀ। ਗੁਰੂ ਕੀ ਐਸੀ ਕਲਾ ਵਰਤੀ ਕਿ ਗੋਪਾਲ ਦਾਸ ਬੰਦੂਕ ਲੈ ਕੇ ਨਾਲ ਹੀ ਤੁਰ ਪਿਆ। ਉਸਨੂੰ ਸੱਚੀ ਸ਼ਾਂਤੀ ਤੇ ਸੱਚਾ ਗਿਆਨ ਪ੍ਰਾਪਤ ਹੋ ਗਿਆ। ਉਸਦਾ ਭਰਮ ਦੂਰ ਹੋ ਗਿਆ ਸੀ। ਉਸਨੂੰ ਸਮਝ ਆ ਗਈ ਕਿ ਸ਼ਸਤਰ ਵਿਦਿਆ ਦੀ ਅਸਲੀਅਤ ਕੀ ਹੈ।

੨. ਅਨੰਦਪੁਰ ਸਾਹਿਬ ਦੇ ਇਕ ਜੰਗ ਵਿਚ ਸੈਦ ਖਾਂ ਜਰਨੈਲ ਸ਼ਾਹੀ ਫ਼ੌਜ ਦੇ ਕਮਾਂਡਰ ਨੇ ਚਿਤਵਿਆ ਕਿ ਜੇ ਹਿੰਦ ਦਾ ਪੀਰ ਮੇਰੇ ਸਾਹਮਣੇ ਆਵੇ ਤਾਂ ਮੈਂ ਦੋ ਹੱਥ ਕਰਾਂ। ਅੰਤਰਯਾਮੀ ਨੇ ਉਸ ਦੇ ਦਿਲ ਦੀ ਭਾਵਨਾ ਸਮਝ ਕੇ ਘੋੜਾ ਛੇੜਿਆ ਤੇ ਘੋਰ ਯੁੱਧ ਹੁੰਦੇ ਵਿਚ ਸੈਦ ਖਾਂ ਦੇ ਸਾਹਮਣੇ ਜਾ ਖੜੇ ਹੋਏ ਤੇ ਕਿਹਾ ਕਿ 'ਅਸੀਂ ਆ ਗਏ ਹਾਂ, ਯੁੱਧ ਦਾ ਸਮਾਂ ਹੈ, ਤੂੰ ਆਪਣਾ ਵਾਰ ਕਰ।' ਉਸਨੇ ਵਾਰ ਤਾਂ ਕੀ ਕਰਨਾ ਸੀ ਦਰਸ਼ਨ ਕਰਦੇ ਸਾਰ ਹੀ ਉਸ ਦੀ ਕਾਇਆਂ ਪਲਟ ਗਈ ਤੇ ਚਰਨਾਂ ਪਰ ਢਹਿ ਪਿਆ।

੩. ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਪ੍ਰਸੰਗ ਤੋਂ ਸਭ ਜਾਣੂ ਹਨ ਕਿ ਉਹ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬੈਰਾਗੀ ਸਾਧੂ ਤੋਂ ਸੰਤ ਸਿਪਾਹੀ ਬਣ ਗਏ। ਜਿਨ੍ਹਾਂ ਨੇ ਗੁਰੂ ਜੀ ਦੀ ਕਲਾ ਨਾਲ ਪੰਜਾਬ ਵਿਚ ਜ਼ਾਲਮਾਂ ਤੇ ਦੁਸ਼ਟਾਂ ਦੀ ਸੁਧਾਈ ਕੀਤੀ ਤੇ ਅੰਤ ਨੂੰ ਸ਼ਹੀਦੀ ਪਾਈ। ਗੁਰੂ ਸਾਹਿਬ ਨੇ ਖਾਲਸਾ ਸਾਜ ਕੇ ਦਸਿਆ ਹੈ ਕਿ ਸਫਲ ਜਿਊਣਾ ਤੇ ਸੱਚਾ ਮਰਨਾ ਕੀ ਹੈ। ਆਪ ਫੁਰਮਾਉਂਦੇ ਹਨ :

ਧੰਨਿਜੀਓਤਿਹਕੋਜਗਮੈਮੁਖਤੇਹਰਿਚਿਤਮੈਜੁਧੁਬਿਚਾਰੈ॥<br>
ਦੇਹਅਨਿਤਨਨਿਤਰਹੈਜਸੁਨਾਵਚੜੈਭਵਸਾਗਰਤਾਰੈ॥<br>
ਧੀਰਜਧਾਮਬਨਾਇਇਹੈਤਨਬੁਧਿਸੁਦੀਪਕਜਿਉਉਜੀਆਰੈ॥<br>
ਗਿਆਨਹਿਕੀਬਢਨੀਮਨਹੁਹਾਥਲੈਕਾਤਰਤਾਕੁਤਵਾਰਬੁਹਾਰੈ॥੨੪੯੨॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੫੫੦)

ਏਸ ਸਵੈਯੇ ਵਿਚ ਮਹਾਰਾਜ ਨੇ ਦਸਿਆ ਹੈ ਕਿ ਧੰਨ ਹੈ, ਉਹ ਜਨ ਜੋ ਨਾਮ ਜਪਦਾ ਤੇ ਧਰਮ ਯੁੱਧ ਕਰਦਾ ਹੈ, ਜਿਹੜਾ ਸ਼ਰੀਰ ਨੂੰ ਧੀਰਜੀ

ਬਣਾਉਂਦਾ ਹੈ ਤੇ ਆਪਣੀ ਅਕਲ ਨੂੰ ਦੀਵੇ ਵਾਂਗ ਰੌਸ਼ਨ ਰਖਦਾ ਹੈ। ਗਿਆਨ ਦੀ ਤਲਵਾਰ ਲੈ ਕੇ ਦਿਲ ਵਿਚੋਂ ਕਾਇਰਤਾ (ਡਰਪੋਕ ਪੁਣਾ) ਨੂੰ ਕਟਕੇ ਝਾੜੂ ਵਾਂਗ ਸਾਫ਼ ਕਰ ਦਿੰਦਾ ਹੈ।

## ੩. ਗੁਰੂ ਸਾਹਿਬ ਦੀ ਪਵਿੱਤਰ ਬਾਣੀ

ਗੁਰੂ ਸਾਹਿਬ ਨੇ ਬੱਤੀ-ਤੇਤੀ ਬਰਸ ਦੇ ਸਮੇਂ ਵਿਚ ਹੀ ਹਰ ਪਹਿਲੂ ਵਿਚ ਬੜੇ ਉਪਕਾਰ ਭਰੇ ਕਾਰਜ ਕੀਤੇ। ੫੨ ਕਵੀ ਰਖ ਕੇ ਗ੍ਰੰਥਾਂ ਦੀ ਰਚਨਾ ਕਰਵਾਈ, ਜਿਸ ਸਾਰੀ ਰਚਨਾ ਦਾ ਭਾਰ ਨੌਂ ਮਣ ਦਸਿਆ ਜਾਂਦਾ ਹੈ। ਆਪ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ, ਦਮਦਮੇ ਸਾਹਿਬ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੁਬਾਰਾ ਉਚਾਰਨ ਕਰਕੇ ਮੁਕੰਮਲ ਰੂਪ ਵਿਚ ਬੀੜ ਰਚੀ। ਇਹ ਆਪਦੀ ਵਿਦਿਅਕ ਪਹਿਲੂ ਵਿਚ ਖਾਲਸੇ ਤੇ ਜਗਤ ਨੂੰ ਵਡਮੁੱਲੀ ਦੇਣ ਹੈ।

ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਦੀ ਆਪਣੀ ਬਾਣੀ ਅਚਰਜ ਕਲਾਮਈ ਬਾਣੀ ਹੈ। ਸ੍ਰੀ ਦਸਮ ਗ੍ਰੰਥ ਵਿਚ ਜੋ ਬਾਣੀ ਦਰਜ ਹੈ, ਉਸਦਾ ਲੰਮੀ ਵਿਚਾਰ ਨਾਲ ਪਾਠ ਕੀਤਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਬਾਣੀ ਇਕੋ ਸ੍ਰੇਸ਼ਟ ਹਸਤੀ ਦੀ ਰਚਨਾ ਹੈ, ਜਿਸ ਵਿਚ ਸ਼ਾਂਤ ਰਸ ਅਤੇ ਬੀਰ ਰਸ ਇਕੱਠੇ ਹਨ। ਇਹ ਬਾਣੀ ਕੀ ਹੈ ? ਕਿਸੇ ਹੱਦ ਤਕ ਇਹ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਤੇ ਸ੍ਰੀ ਗੁਰੂ ਦਸਮ ਪਾਤਸ਼ਾਹ ਦੇ ਮਿਸ਼ਨ ਦੀ ਲਖਾਇਕ ਹੈ। ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਆਪਣਾ ਮਨੋਰਥ ਆਪ ਬਚਿੱਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ ਖੋਲ੍ਹ ਕੇ ਲਿਖਿਆ ਹੈ ਕਿ ਅਸਾਡਾ ਉਦੇਸ਼ ਸਤਿਨਾਮ ਦਾ ਦ੍ਰਿੜਾਉਣਾ, ਪਾਖੰਡ ਦਾ ਖੰਡਨ ਕਰਨਾ ਅਤੇ ਦੁਸ਼ਟਾਂ ਨੂੰ ਦੰਡ ਦੇਣਾ ਹੈ। ਸ੍ਰੀ ਦਸਮ ਗ੍ਰੰਥ ਵਿਚ ਜਿਥੇ ਅਕਾਲ-ਉਪਾਸ਼ਨਾ ਹੈ, ਉਥੇ ਸ੍ਰੀ ਦਸਮ ਪਾਤਸ਼ਾਹ ਨੇ ਆਪਣੇ ਜੀਵਨ ਦੀਆਂ ਘਟਨਾਵਾਂ ਵੀ ਬਚਿੱਤ੍ਰ ਨਾਟਕ ਵਿਚ ਲਿਖੀਆਂ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਦਸਮੇਸ਼ ਜੀ ਨੇ ਚੰਡੀ ਚਰਿਤ੍ਰ, ਚੰਡੀ ਦੀ ਵਾਰ, ਚੌਬੀਸ ਅਵਤਾਰਾਂ ਦੀ ਕਥਾ, ਸ਼ਸਤਰ ਨਾਮ ਮਾਲਾ ਤੇ ਜ਼ਫ਼ਰਨਾਮਾ ਆਦਿ ਇਤਿਹਾਸਿਕ ਜਾਂ ਪੁਰਾਣਿਕ ਘਟਨਾਵਾਂ ਵੀ ਲਿਖੀਆਂ।

ਸਵਾਲ ਪੈਦਾ ਹੁੰਦਾ ਹੈ ਕਿ ਸ੍ਰੀ ਗੁਰੂ ਦਸਮੇਸ਼ ਜੀ ਨੇ ਇਹ ਰਚਨਾ ਕਿਉਂ

ਰਚੀ ? ਇਸ ਦਾ ਉੱਤਰ ਉਹ ਆਪ ਬਚਿੱਤ੍ਰ ਨਾਟਕ ਦੇ ਚੌਧਵੇਂ ਅਧਿਆਇ ਵਿਚ ਇਉਂ ਲਿਖਦੇ ਹਨ :

ਅਬਜੋਜੋਮੈਂਲਖੇਤਮਾਸਾ॥
ਸੋਸੋਕਰੋਤੁਮੈਅਰਦਾਸਾ॥
ਜੋਪ੍ਰਭਕਿਰਪਾਕਟਾਛਦਿਖੈਹੈ॥
ਸੋਤਵਦਾਸਉਚਾਰਤਜੈਹੈ॥੩॥
ਜਿਹਜਿਹਬਿਧਮੈਲਖੇਤਮਾਸਾ॥
ਚਾਹਤਤਿਨਕੋਕੀਯੋਪ੍ਰਕਾਸਾ॥
ਜੋਜੋਜਨਮਪੂਰਬਲੇਹੇਰੇ॥
ਕਹਿਹੋਸੁਪ੍ਰਭੁਪਰਾਕ੍ਰਮਤੇਰੇ॥੪॥
ਸਰਬਕਾਲਹੈਪਿਤਾਅਪਾਰਾ॥
ਦੇਬਿਕਾਲਿਕਾਮਾਤਹਮਾਰਾ॥
ਮਨੂਆਗੁਰਮੁਰਿਮਨਸਾਮਾਈ॥
ਜਿਨਮੋਕੋਸੁਭਕ੍ਰਿਪਾਪੜ੍ਹਾਈ॥੫॥
ਜਬਮਨਸਾਮਨਮਯਾਬਿਚਾਰੀ॥
ਗੁਰਮਨੂਆਕਹਕਹਿਯੋਸੁਧਾਰੀ॥
ਜੇਜੇਚਰਿਤਪੁਰਾਤਨਲਹੇ॥
ਤੇਤੇਅਬਚਹੀਅਤਹੈਕਹੇ॥੬॥
ਸਰਬਕਾਲਕਰਣਾਤਬਭਰੇ॥
ਸੇਵਕਜਾਨਦਯਾਰਸਢਰੇ॥
ਜੋਜੋਜਨਮਪੁਰਬਲੋਭਯੋ॥
ਸੋਸੋਸਭਸਿਮਰਣਕਰਦਯੋ॥੭॥
ਮੋਕੌਇਤੀਹੁਤੀਕਹਸੁੱਧੰ॥
ਜਸਪ੍ਰਭਦਈਕ੍ਰਿਪਾਕਰਿਬੁੱਧੰ॥
ਸਰਬਕਾਲਤਬਭਏਦਇਆਲਾ॥
ਲੋਹਰੱਛਹਮਕੋਸਬਕਾਲਾ॥੮॥
ਸਰਬਕਾਲਰੱਛਾਸਬਕਾਲ॥
ਲੋਹਰੱਛਸਰਬਦਾਬਿਸਾਲ॥

ਛੀਠਭਯੋਤਵਕ੍ਰਿਪਾਲਖਾਈ॥
ਐਂਡੋਫਿਰੋਸਭਨਭਯੋਰਾਈ॥੯॥
ਜਿਹਜਿਹਬਿਧਜਨਮਨਸੁਧਿਆਈ॥
ਤਿਮਤਿਮਕਹੇਗਿਰੰਥਬਨਾਈ॥
ਪ੍ਰਥਮੇਸਤਿਜੁਗਜਿਹਬਿਧਿਲਹਾ॥
ਪ੍ਰਥਮੇਦੇਬਿਚਰਿਤ੍ਰਕੋਕਹਾ॥੧੦॥
ਪਹਿਲੇਚੰਡੀਚਰਿਤ੍ਰਬਨਾਯੋ॥
ਨਖਸਿਖਤੇਕ੍ਰਮਭਾਖਸੁਨਾਯੋ॥
ਛੋਰਕਥਾਤਬਪ੍ਰਥਮਸੁਨਾਈ॥
ਅਬਚਾਹਤਫਿਰਿਕਰੋਂਬਡਾਈ॥੧੧॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੭੩)

ਫੇਰ ਚੌਬੀਸ ਅਵਤਾਰਾਂ ਦੀ ਕਥਾ ਦੇ ਮੁੱਢ ਵਿਚ ਇਉਂ ਲਿਖਦੇ ਹਨ :

ਅਬਚਉਬੀਸਉਚਰੋਂਅਵਤਾਰਾ॥
ਜਿਹੱਬਿਧਿਤਿਨਕਾਲਖਾਅਖਾਰਾ॥
ਸੁਣੀਯਹੁਸੰਤਸਭੈਚਿਤਲਾਈ॥
ਬਰਨਤਸਯਾਮਜਥਾਮਤਭਾਈ॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੧੫੫)

ਇਨ੍ਹਾਂ ਉਪਰ ਦਸੇ ਗਏ ਪ੍ਰਮਾਣਾਂ ਦਾ ਭਾਵ ਇਹ ਹੈ ਕਿ ਸ੍ਰੀ ਗੁਰੂ ਦਸਮ ਪਾਤਸ਼ਾਹ ਕਹਿੰਦੇ ਹਨ ਕਿ ਅਸੀਂ ਪਿਛਲੇ ਜਨਮਾਂ ਵਿਚ ਜੋ ਤਮਾਸ਼ਾ ਦੁਨੀਆਂ ਦਾ ਦੇਖਿਆ, ਉਹ ਅਕਾਲ ਪੁਰਖ ਦੀ ਕ੍ਰਿਪਾ ਨਾਲ ਸਾਨੂੰ ਸਭ ਯਾਦ ਆ ਗਿਆ ਹੈ। ਜਿਸ ਤਰ੍ਹਾਂ ਸਾਨੂੰ ਪਿਛਲੇ ਜਨਮਾਂ ਦੀ ਸੁਧ ਆਈ ਹੈ, ਉਸੇ ਤਰ੍ਹਾਂ ਗ੍ਰੰਥ ਰਚ ਦਿਤੇ ਹਨ। ਸਤਿਜੁਗ ਵਿਚ ਅਸੀਂ ਦੇਵੀ ਦਾ ਚਰਿੱਤਰ ਦੇਖਿਆ ਸੀ, ਉਹ ਅਸੀਂ 'ਚੰਡੀ ਚਰਿਤ੍ਰ' ਵਿਚ ਲਿਖ ਦਿਤਾ ਹੈ। ਚੌਬੀਸ ਅਵਤਾਰਾਂ ਦੀ ਕਥਾ ਬਾਰੇ ਲਿਖਦੇ ਹਨ ਕਿ ਹੁਣ ਅਸੀਂ ਇਨ੍ਹਾਂ ਦਾ ਵਰਣਨ ਕਰਦੇ ਹਾਂ, ਜਿਸ ਤਰ੍ਹਾਂ ਇਨ੍ਹਾਂ ਦਾ ਸਿਲਸਿਲਾ ਦੇਖਿਆ ਹੈ। ਇਥੇ ਸ੍ਰੀ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਸਿਆਮ ਕਵੀ ਕਿਹਾ ਹੈ। ਆਪ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਆਪ ਦਾ ਤਖ਼ੱਲੁਸ (ਕਵੀ ਦਾ ਉਪਨਾਮ) 'ਸਿਆਮ' ਸੀ।

ਭਾਈ ਰਣਧੀਰ ਸਿੰਘ, ਸਿਖ ਹਿਸਟਰੀ ਰੀਸਰਚ ਵਾਲਿਆਂ ਨੇ, ਬਹੁਤ ਬਰਸ ਹੋਏ, ਸ੍ਰੀ ਦਸਮ ਗ੍ਰੰਥ ਬਾਰੇ ਬੜੀ ਖੋਜ ਕਰਕੇ ਇਕ ਪੁਸਤਕ 'ਸ਼ਬਦ ਮੂਰਤਿ' ਲਿਖੀ ਸੀ ਜੋ ਛਪ ਚੁੱਕੀ ਹੈ। ਉਸ ਵਿਚ ਉਨ੍ਹਾਂ ਦਸਿਆ ਹੈ ਕਿ ਸ੍ਰੀ ਦਸਮ ਪਾਤਸ਼ਾਹ ਨੇ ਆਪਣੇ ਦੋ ਨਾਮ ਕਵਿਤਾ ਵਿਚ ਵਰਤੇ ਹਨ। ਇਕ 'ਸਿਆਮ' ਤੇ ਦੂਜਾ 'ਰਾਮ'।

ਚੰਡੀ ਚਰਿੱਤ੍ਰ, ਚੰਡੀ ਦੀ ਵਾਰ, ਚੌਬੀਸ ਅਵਤਾਰਾਂ ਦੀ ਕਥਾ, ਆਦਿ ਪ੍ਰਸੰਗਾਂ ਦੇ ਲਿਖਣ ਸੰਬੰਧੀ ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਆਪਣਾ ਇਰਾਦਾ ਤੇ ਮਨੋਰਥ ਇਉਂ ਦਸਿਆ ਹੈ :

**ਅਵਰਬਾਸਨਾਨਾਹਿਪ੍ਰਭਧਰਮਜੁਧਕੇਚਾਇ॥**

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੫੫੦)

ਅਰਥਾਤ ਅਸੀਂ ਇਹ ਸਭ ਰਚਨਾ ਸਿਖਾਂ ਨੂੰ ਧਰਮ-ਯੁੱਧ ਦੀ ਪ੍ਰੇਰਣਾ ਕਰਨ ਲਈ ਰਚੀ ਹੈ ਹੋਰ ਕੋਈ ਇਛਾ ਨਹੀਂ। ਗੁਰੂ ਸਾਹਿਬ ਜੀ ਨੇ ਆਪਣੇ ਪਿਛਲੇ ਜਨਮਾਂ ਦੇ ਡਿਠੇ ਜਗਤ-ਤਮਾਸ਼ੇ ਤੇ ਇਸ ਗੁਰੂ ਜਾਮੇ ਵਾਲੇ ਸਭ ਕੌਤਕ ਲਿਖੇ ਹਨ।

ਸ੍ਰੀ ਦਸਮ ਗ੍ਰੰਥ ਦੀ ਬਾਣੀ ਦੀ ਵੀਚਾਰ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਦਸਮ ਗ੍ਰੰਥ ਵਿਚ 'ਸ੍ਰੀ ਭਗਉਤੀ ਜੀ ਸਹਾਇ' ਸ਼ਬਦ ਕਈ ਜਗ੍ਹਾ, ਜਿਥੇ ਨਵੀਂ ਬਾਣੀ ਸ਼ੁਰੂ ਹੁੰਦੀ ਹੈ, ਲਿਖਿਆ ਮਿਲਦਾ ਹੈ। ਉਥੋਂ ਸਾਫ਼ ਪਤਾ ਲਗ ਜਾਂਦਾ ਹੈ ਕਿ 'ਸ੍ਰੀ ਭਗਉਤੀ ਜੀ' ਦੇ ਅਰਥ ਅਕਾਲ ਪੁਰਖ ਹਨ। ਇਨ੍ਹਾਂ ਉਪਰ ਦਸੇ ਗਏ ਪ੍ਰਮਾਣਾਂ ਤੋਂ ਇਹੋ ਸਿੱਧ ਹੁੰਦਾ ਹੈ ਕਿ ਸ੍ਰੀ ਦਸਮ ਗ੍ਰੰਥ ਦੀ ਸਾਰੀ ਬਾਣੀ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਦੀ ਰਚਨਾ ਹੈ, ਜੋ ਖਾਸ ਉਦੇਸ਼ ਤੇ ਭਾਵ ਨੂੰ ਮੁੱਖ ਰਖ ਕੇ ਗੁਰੂ ਸਾਹਿਬ ਨੇ ਰਚੀ।

ਜ਼ਫ਼ਰਨਾਮੇ ਦੀਆਂ ਬਾਰ੍ਹਾਂ ਹਕਾਇਤਾਂ ਹਨ, ਇਨ੍ਹਾਂ ਵਿਚੋਂ ਪਹਿਲੀ ਹਕਾਇਤ ਤੋਂ ਬਿਨਾਂ ਬਾਕੀ ਗਿਆਰਾਂ ਨੂੰ ਕਈ ਸੱਜਣ ਗੁਰੂ ਸਾਹਿਬ ਦੀਆਂ ਮੰਨਣ ਤੋਂ ਇਨਕਾਰੀ ਹਨ। ਪਰ ਇਨ੍ਹਾਂ ਦੀ ਰਚਨਾ ਇਹੋ ਦਸਦੀ ਹੈ ਕਿ ਉਹ ਗੁਰੂ ਸਾਹਿਬ ਜੀ ਦੀ ਲਿਖਤ ਹੀ ਹਨ ਤੇ ਵਿਅੰਗ ਰੀਤੀ ਨਾਲ ਬਾਦਸ਼ਾਹ ਨੂੰ ਸੂਚਨਾ ਕੀਤੀ ਹੈ ਕਿ ਭੈੜੇ ਲੋਕ ਵੀ ਆਪਣਾ ਪ੍ਰਣ ਨਿਭਾਉਂਦੇ ਰਹੇ ਹਨ, ਪ੍ਰੰਤੂ ਦੀਨਦਾਰ ਕਹਾਉਂਦਾ ਹੋਇਆ ਭੀ ਤੂੰ ਆਪਣਾ ਬਚਨ ਪੂਰਾ ਨਹੀਂ ਕਰਦਾ।

ਸ੍ਰੀ ਦਸਮ ਗ੍ਰੰਥ ਦੀ ਸਾਰੀ ਤਰਤੀਬ ਭਾਈ ਮਨੀ ਸਿੰਘ ਜੀ ਤੇ ਭਾਈ ਸ਼ੀਹਾਂ ਸਿੰਘ ਲਿਖਾਰੀ ਦੇ ਹੱਥੀਂ ਹੋਈ ਹੈ। ਇਸ ਦਾ ਸਬੂਤ ਭਾਈ ਮਨੀ ਸਿੰਘ ਜੀ ਦੀ ਅਪ੍ਰੈਲ ਸੰਨ ੧੭੧੬ ਮੁਤਾਬਿਕ ੨੨ ਵੈਸਾਖ ੧੭੭੩ ਬਿਕ੍ਰਮੀ ਦੀ ਚਿੱਠੀ ਤੋਂ ਪ੍ਰਗਟ ਹੈ। ਇਹ ਚਿੱਠੀ ਅਸੀਂ ਹੇਠ ਦਰਜ ਕਰਦੇ ਹਾਂ। ਇਸ ਵਿਚ ਉਸ ਸਮੇਂ ਦੇ ਹਾਲਾਤ ਦਰਜ ਹਨ ਤੇ ਨਾਲ ਹੀ ਦਸਿਆ ਹੈ ਕਿ ੩੦੩ ਚਰਿੱਤਰ ਤੇ ਕ੍ਰਿਸ਼ਨਾਵਤਾਰ ਦਾ ਪੂਰਬਾਰਧ ਝੰਡਾ ਸਿੰਘ ਦੇ ਹੱਥ ਭੇਜੇ ਗਏ ਸਨ। ਇਹ ਚਿੱਠੀ ਭਾਈ ਮਨੀ ਸਿੰਘ ਜੀ ਨੇ ਮਾਤਾ ਸੁੰਦਰ ਕੌਰ ਜੀ ਦੇ ਨਾਮ ਅੰਮ੍ਰਿਤਸਰ ਤੋਂ ਦਿੱਲੀ ਨੂੰ ਭੇਜੀ ਸੀ। ਇਸ ਚਿੱਠੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਪੰਥ ਮਾਤਾ ਜੀ ਦੇ ਖਰਚ ਆਦਿ ਦੀ ਸੇਵਾ ਕਰਦਾ ਸੀ ਤੇ ਮਾਤਾ ਜੀ ਦਿੱਲੀ ਤੋਂ ਹੀ ਪੰਥ ਦੀ ਅਗਵਾਈ ਕਰਦੇ ਸਨ।

ਭਾਈ ਮਨੀ ਸਿੰਘ ਜੀ ਦੀ ਚਿੱਠੀ ਇਸ ਪ੍ਰਕਾਰ ਹੈ :

ੴ ਅਕਾਲ ਸਹਾਇ ॥

ਪੂਜ ਮਾਤਾ ਜੀ ਦੇ ਚਰਨਾਂ ਪਰ ਮਨੀ ਸਿੰਘ ਕੀ ਡੰਡੋਤ ਬੰਦਨਾ। ...ਦੇਸੁ ਵਿਚਿ ਖਾਲਸੇ ਦਾ ਬਲੁ ਛੁਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚ ਜਾਇ ਬਸੇ ਹੈਨ। ਮਲੇਛੋਂ ਕੀ ਦੇਸ ਮੇ ਦੋਹੀ ਹੈ। ਬਸਤੀ ਮੇ ਬਾਲਕ ਜੁਵਾ ਇਸਤਰੀ ਸਲਾਮਤੁ ਨਾਹੀ। ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨ॥ ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ॥ ਸਬੀ ਚਕੁ ਛੋੜ ਗਏ ਹੈਨ॥ ਮੁਤਸਦੀ ਭਾਗ ਗਏ ਹੈਨ॥ ਸਾਡੇ ਪਰ ਅਬੀ ਤੋ ਅਕਾਲ ਰਛਾ ਹੈ॥ ਕਲ ਕੀ ਖਬਰ ਨਾਹੀ॥ ਸਾਹਿਬਾਂ ਦੇ ਹੁਕਮ ਅਟਲ ਹੈਨ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ॥ ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀਂ, ਉਨਾਂ ਵਿਚਿ ਸਾਹਿਬਾਂ ਦੇ ੩੦੩ ਚਰਿਤਰ ਉਪਾਖਿਆਨ ਕੀ ਪੋਥੀ ਜੋ ਹੈ ਸੋ ਸੀਹਾ ਸਿੰਘ ਨੂੰ ਮਹਲ ਵਿਚਿ ਦੇਨਾ ਜੀ॥ ਨਾਮਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ॥ ਕਰਿਸ਼ਨਾ ਅਵਤਾਰ ਪੂਰਬਾਰਧ ਤੋ ਮਿਲਾ॥ ਉਤਰਾਰਧ ਨਾਹੀ ਜੋ ਮਿਲਾ ਅਸੀਂ ਭੇਜ ਦੇਵਾਂਗੇ॥ ਦੇਸ ਵਿਚ ਗੌਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ॥ ਸਾਹਿਬ ਬਾਹੁੜੀ ਕਰਨਗੇ॥ ਤੋਲਾ ੫ ਸੋਨਾ ਸ਼ਾਹਿਬਜ਼ਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ ਕਿਆ ਖੰਡੂਰ ਸੇ ਭੇਜਾ ਹੈ॥ ੧੭ ਰਜਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ॥

ਪੰਚ ਰਚਤਪਨ ਇਸੇ ਤੋਸਾ ਦੀਆ॥ ਇਸ ਨੂੰ ਬਚਰਕਾ ਬੀ ਹੈ॥ ਇਸ ਸੇ ਉਠਿ ਜਾਵੇਂਗੇ॥ ਮੁਤਸਦੀਓ ਨੇ ਹਿਸਾਬ ਨਹੀਂ ਦੀਆ॥ ਜੋ ਦੇਂਦੇ ਤਾਂ ਬੜੇ ਸ਼ਹਿਰ ਸੇ ਹੁੰਡੀ ਕਰਾਇ ਭੇਜ ਕੇ॥ ਅਸਾਡੇ ਸ਼ਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖ ੨੨॥ ਦਸਖਤ ਮਨੀ ਸਿੰਘ॥ ਗੁਰੂ ਚਕੁ ਬੁੰਗਾ॥ ਜੁਆਬ ਪੋਰੀ ਮੇਂ॥

ਸਾਬਿਤ ਹੈ ਕਿ ਦਸਮ ਗ੍ਰੰਥ ਦੀ ਰਚਨਾ ਸਾਰੀ ਗੁਰੂ ਸਾਹਿਬ ਦੀ ਹੈ। ਸ੍ਰੀ ਦਸਮ ਗ੍ਰੰਥ ਦੀਆਂ ਬੀੜਾਂ ਦੋ ਪ੍ਰਕਾਰ ਦੀਆਂ ਹਨ। ਇਕ ਜੋ ਪ੍ਰਚੱਲਤ ਹੈ, ਦੂਜੀ ਭਾਈ ਸੁੱਖਾ ਸਿੰਘ ਜੀ ਗ੍ਰੰਥੀ ਪਟਨਾ ਸਾਹਿਬ ਨੇ ਤਿਆਰ ਕੀਤੀ, ਜਿਸ ਵਿਚ ਭਗੌਤੀ ਸਤੋਤ੍ਰ ਤੇ ਛੱਕੇ ਆਦਿ ਸ਼ਾਮਿਲ ਹਨ। ਕੁਝ ਬੀੜਾਂ ਹੋਰ ਭੀ ਥੋੜ੍ਹੇ ਬਹੁਤ ਫਰਕ ਵਾਲੀਆਂ ਹਨ। ਕਈਆਂ ਵਿਚ 'ਲਖੀਜੰਗਲਖਾਲਸਾ ਆਇਦੀਦਾਰਕੀਤੋਨੇ' ਵਾਲੀ ਸਦ ਹੈ ਤੇ ਕਈਆਂ ਵਿਚ ਨਹੀਂ।

ਦਸਮ ਗ੍ਰੰਥ ਦੀ ਰਚਨਾ ਵਿਚ ਨੌਂ ਰਸ ਭਰਪੂਰ ਹਨ, ਪਰ ਸ਼ਾਂਤ ਰਸ ਤੇ ਬੀਰ ਰਸ ਦੀ ਪ੍ਰਧਾਨਤਾ ਹੈ। ਇਸ ਵਿਚ ਧਰਮ-ਉਪਦੇਸ਼, ਵਾਹਿਗੁਰੂ ਭਗਤੀ ਤੇ ਇਤਿਹਾਸ ਤੋਂ ਇਲਾਵਾ ਨੀਤੀ ਤੇ ਸ਼ੁਭ ਸਿੱਖਿਆ ਵੀ ਹੈ।

## ੪. ਜੰਗਾਂ ਯੁੱਧਾਂ ਦਾ ਵੇਰਵਾ

੧. ਪਾਉਂਟੇ ਸਾਹਿਬ ਵਿਖੇ ਭੰਗਾਣੀ ਦਾ ਜੰਗ
੨. ਨੰਦੇਣ ਦਾ ਜੰਗ
੩. ਅਲਫ ਖਾਂ ਤੇ ਗੀਆ ਖਾਂ (ਜੰਮੂ) ਅਤੇ ਪਹਾੜੀਆਂ ਨਾਲ ਜੰਗ
੪. ਹੁਸੈਨੀ ਦਾ ਜੁੱਧ ਦੋ ਵੇਰ ਸ੍ਰੀ ਅਨੰਦਪੁਰ ਸਾਹਿਬ ਵਿਖੇ
੫. ਸਰਸਾ ਨਦੀ ਦੇ ਕੰਢੇ ਤੇ ਜੰਗ
੬. ਸ੍ਰੀ ਚਮਕੌਰ ਸਾਹਿਬ ਦਾ ਜੰਗ
੭. ਸ੍ਰੀ ਮੁਕਤਸਰ ਸਾਹਿਬ ਵਿਖੇ ਜੰਗ
੮-੯. ਬਘੌਰ ਦੇ ਦੋ ਜੰਗ। ਪਹਿਲੇ ਦਿਨ ਵਜ਼ੀਰ ਨਾਲ, ਉਹ ਮਾਰਿਆ ਗਿਆ, ਦੂਜੇ ਦਿਨ ਰਾਜੇ ਨਾਲ ਉਹ ਵੀ ਮਾਰਿਆ ਗਿਆ।
੧੦. ਬਹਾਦਰ ਸ਼ਾਹ ਦੀ ਸਹਾਇਤਾ ਲਈ ਚੰਬਲ ਨਦੀ ਦੇ ਕੰਢੇ ਪਿੰਡ ਜਾਜੂ ਦੇ ਜੰਗ ਵਿਚ ਆਪ ਦੀ ਫ਼ੌਜ ਸ਼ਾਮਿਲ ਹੋਈ ਤੇ ਬਹਾਦਰ ਸ਼ਾਹ ਦੀ ਜਿੱਤ ਹੋਈ।

੧੧. ਰਾਜੇ ਬਲੀਆ ਚੰਦ ਨਾਲ ਪਹਾੜਾਂ ਵਿਚ ਜੰਗ
੧੨. ਕਲ੍ਮੋਟ ਦਾ ਜੰਗ
੧੩ ਤੋਂ ਲੈ ਕੇ ੧੯ ਤਕ ਇਹ ਛੇ ਲੜਾਈਆਂ ਸ੍ਰੀ ਅਨੰਦਪੁਰ ਸਾਹਿਬ ਵਿਚ ਹੀ ਪਹਾੜੀ ਰਾਜਿਆਂ ਤੇ ਬਾਦਸ਼ਾਹੀ ਫ਼ੌਜਾਂ ਨਾਲ ਸੰਮਤ ੧੭੬੦ ਤੇ ੧੭੬੧ ਬਿ: ਵਿਚ ਹੋਈਆਂ। ਅਨੰਦਪੁਰ ਸਾਹਿਬ ਦਾ ਵੱਡਾ ਜੰਗ ੨੨ ਜੇਠ ਸੰਮਤ ੧੭੬੧ ਬਿ: ਨੂੰ ਸ਼ੁਰੂ ਹੋਇਆ ਤੇ ਗੁਰੂ ਸਾਹਿਬ ਨੇ ਛੇ ਤੇ ਸੱਤ ਪੋਹ ਦੀ ਦਰਮਿਆਨੀ ਰਾਤ ਨੂੰ ਅਨੰਦਪੁਰ ਛਡਿਆ ਤੇ ੮ ਪੋਹ ਨੂੰ ਚਮਕੌਰ ਦਾ ਜੰਗ ਹੋਇਆ, ਜਿਸ ਵਿਚ ਦੋ ਵੱਡੇ ਸਾਹਿਬਜ਼ਾਦੇ ਤੇ ਤਿੰਨ ਪਿਆਰੇ ਤੇ ਹੋਰ ਸਿੰਘ ਸ਼ਹੀਦ ਹੋਏ।

ਜਾਜੂ ਦੇ ਮੁਕਾਮ ਪਰ ੮ ਜੂਨ ੧੭੦੭ ਈ: ਨੂੰ ਬਹਾਦਰ ਸ਼ਾਹ ਤੇ ਉਸ ਦੇ ਭਰਾ ਤਾਰਾ ਆਜ਼ਮ ਵਿਚਕਾਰ ਜੰਗ ਹੋਈ। ਬਹਾਦਰ ਸ਼ਾਹ ਨੇ ਜੰਗ ਜਿੱਤਣ ਪਰ ਆਗਰੇ ਦੇ ਕਿਲ੍ਹੇ ਵਿਚ ੨੩ ਜੁਲਾਈ ੧੭੦੭ ਈਸਵੀ ਨੂੰ ਸ਼ਾਹੀ ਦਰਬਾਰ ਕੀਤਾ। ਜਿਸ ਵਿਚ ਧੰਨਵਾਦ ਵਜੋਂ ਗੁਰੂ ਸਾਹਿਬ ਨੂੰ ਸਠ ਹਜ਼ਾਰ ਰੁਪਏ ਦੀ ਧੁਖ ਧੁਖੀ, ਇਕ ਕਲਗੀ ਤੇ ਹੋਰ ਖਿਲਅਤ ਭੇਟ ਕੀਤੇ। ਉਥੋਂ ਗੁਰੂ ਸਾਹਿਬ ਬਾਦਸ਼ਾਹ ਦੇ ਨਾਲ ਹੀ ਦਿੱਲੀ ਆਏ। 'ਤਵਾਰੀਖ ਖਾਲਸਾ' ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਆਪਣੇ ਸਤਾਰਾਂ ਦੋਸ਼ੀਆਂ ਦੀ ਲਿਸਟ ਦਿਤੀ ਤੇ ਇਨ੍ਹਾਂ ਨੂੰ ਹਵਾਲੇ ਕਰਨ ਦੀ ਮੰਗ ਕੀਤੀ। ਪਰ ਬਾਦਸ਼ਾਹ ਇਹ ਮੰਗ ਪੂਰੀ ਨ ਕਰ ਸਕਿਆ। ਇਨ੍ਹਾਂ ਦੋਸ਼ੀਆਂ ਵਿਚੋਂ ਗਿਆਰਾਂ ਦੇ ਨਾਮ 'ਤਵਾਰੀਖ ਖਾਲਸਾ' ਵਿਚ ਮਿਲਦੇ ਹਨ :

੧. ਵਜ਼ੀਰ ਖਾਂ, ਸੂਬੇਦਾਰ ਸਰਹੰਦ
੨. ਜ਼ਬਰਦਸਤ ਖਾਂ, ਸੂਬੇਦਾਰ ਕਸ਼ਮੀਰ
੩. ਦਿਲਾਵਰ ਖਾਂ, ਸੂਬੇਦਾਰ ਲਾਹੌਰ
੪. ਰਾਜਾ ਅਜਮੇਰ ਚੰਦ, ਕਹਿਲੂਰ
੫. ਰਾਜਾ ਰਾਮ ਸਰਨ, ਹੰਡੂਰ
੬. ਚੌਧਰੀ ਸੋਭਾ ਚੰਦ, ਫਗਵਾੜਾ
੭. ਸਮਾਣੇ ਦੋ ਤਿੰਨ ਜਲਾਦ (੧) ਜਲਾਲੂ ਦੀਨ, ਕਾਤਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (੨ ਤੇ ੩) ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਦੋਨੋਂ ਭਾਈ ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਖੇ ਸ਼ਹੀਦ ਕੀਤਾ ਸੀ।

੮. ਦੀਵਾਨ ਸੁਚਾ ਨੰਦ (ਸੂਬਾ ਸਰਹੰਦ ਨੂੰ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦੀ ਸਲਾਹ ਦੇਣ ਵਾਲਾ)।

੯. ਪੀਰ ਬੁਧੂ ਸ਼ਾਹ ਦਾ ਕਾਤਲ ਉਸਮਾਨ ਖਾਂ ਸਢੌਰੇਵਾਲਾ।

## ੫. ਗੁਰੂ ਸਾਹਿਬ ਦੇ ਸਫ਼ਰ

ਗੁਰੂ ਦਸਮ ਪਾਤਸ਼ਾਹ ਦੀ ਜ਼ਿੰਦਗੀ ਬੜੇ ਰੁਝੇਵਿਆਂ ਵਾਲੀ ਹੈ। ਜਿਥੇ ਆਪ ਨੇ ਵਾਕ ਰਚਨਾ, ਵਿਦਿਯਕ ਉਨਤੀ ਦੇ ਨਾਲ ਨਾਲ ਧਰਮ ਦਾ ਪ੍ਰਚਾਰ ਤੇ ਦੁਸ਼ਟਾਂ ਦੇ ਪਰਹਾਰ ਲਈ ਲਗਾਤਾਰ ਜੰਗ ਕੀਤੇ, ਉਥੇ ਆਪ ਦੇ ਸਫ਼ਰ ਵੀ ਵਰਨਣ ਯੋਗ ਹਨ। ਆਪ ਦੇ ਹੇਠ ਲਿਖੇ ਸਫਰ ਵਿਸ਼ੇਸ਼ ਹਨ:

੧. ਬਚਪਨ ਵਿਚ ਆਪ ਨੇ ਪਟਨੇ ਸਾਹਿਬ ਤੋਂ ਅਨੰਦਪੁਰ ਸਾਹਿਬ ਦਾ ਸਫ਼ਰ ਕੀਤਾ।

੨. ਦੂਜਾ ਸਫ਼ਰ ਅਨੰਦਪੁਰ ਸਾਹਿਬ ਤੋਂ ਪਾਉਂਟੇ ਸਾਹਿਬ ਤਕ ਦਾ ਹੈ। ਪਾਉਂਟੇ ਸਾਹਿਬ ੧੭੪੨ ਬਿ: ਤੋਂ ੧੭੪੬ ਬਿ: ਤਕ ਰਹਿ ਕੇ ਆਪ ਨੇ ਬੜੇ ਪਰਉਪਕਾਰ ਕੀਤੇ। ਇਸੇ ਸਫ਼ਰ ਵਿਚ ਹੀ ਗੁਰੂ ਸਾਹਿਬ ਦੀ ਜ਼ਿੰਦਗੀ ਦਾ ਪਹਿਲਾ ਪਿੜ-ਸਦਵਾਂ ਜੰਗ ਭੰਗਾਣੀ ਵਿਚ ਹੋਇਆ।

੩. ਆਪ ਨੇ ਧਰਮ ਪ੍ਰਚਾਰ ਨਮਿਤ ਕੁਰਛੇਤਰ ਤੇ ਪਹੋਏ ਦਾ ਸਫ਼ਰ ਕੀਤਾ।

੪. ਹਿਮਾਲਾ ਪਰਬਤ ਦੇ ਪਹਾੜਾਂ ਵਿਚ ਮੰਡੀ ਤੇ ਰਵਾਲਸਰ ਆਦਿ ਥਾਵਾਂ ਵਿਚ ਰਟਨ ਕਰਕੇ ਧਰਮ ਪ੍ਰਚਾਰ ਕੀਤਾ। ਮੰਡੀ ਸ਼ਹਿਰ ਦੇ ਲਾਗੇ ਦਰਿਆ ਬਿਆਸਾ ਵਿਚ ਅਜੇ ਤਕ ਉਹ ਪੱਥਰ ਪਿਆ ਹੈ, ਜਿਸ ਪਰ ਬੈਠ ਕੇ ਗੁਰੂ ਸਾਹਿਬ ਬਾਣੀ ਦਾ ਪਾਠ ਕਰਿਆ ਕਰਦੇ ਸਨ।

੫. ਇਹ ਸਫ਼ਰ ਆਪ ਦਾ ਅਨੰਦਪੁਰ ਸਾਹਿਬ ਛੱਡ ਕੇ ਮਾਲਵੇ ਵਲ ਨੂੰ ਜਾਣ ਦਾ ਹੈ। ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਦਰਿਆ ਸਰਸਾ ਪਾਰ ਕਰਕੇ ਜੰਗ ਕਰਦੇ ਹੋਏ ਬੁੜ ਮਾਜਰਾ, ਥਮਣ ਮਾਜਰਾ, ਭੱਠਾ ਸਾਹਿਬ ਥਾਵਾਂ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚ ਕੇ ੮ ਪੋਹ ਨੂੰ ਉਥੇ ਜੰਗ ਕੀਤਾ, ਫੇਰ ਆਪ ਭਾਈ ਦਯਾ ਸਿੰਘ ਜੀ, ਧਰਮ ਸਿੰਘ ਜੀ ਤੇ ਮਾਨ ਸਿੰਘ ਜੀ ਸਮੇਤ ਕਿਲ੍ਹਾ ਛਡ ਕੇ ਰਾਤ ਨੂੰ ਰਵਾਨਾ ਹੋਏ। ਜੰਡ ਸਾਹਿਬ, ਝਾੜ ਸਾਹਿਬ ਹੋ ਕੇ ਮਾਛੀਵਾੜੇ ਪਹੁੰਚੇ। ਇਥੋਂ ਉੱਚ ਦੇ ਪੀਰ ਦਾ ਸਾਂਗ ਧਾਰ ਕੇ ਪਿੰਡ ਘੁਲਾਲ

ਲੱਲੇ, ਕੁਬੇ ਕਟਾਣਾ ਸਾਹਿਬ, ਰੇਰੂ ਸਾਹਿਬ, ਰਾਮ ਪੁਰ, ਦੁਰਾਹੇ, ਕਨੇਚ ਤੇ ਆਲਮਗੀਰ ਹੋ ਕੇ, ਡਲੇ, ਮੋਹੀ, ਹੇਹਰ, ਕਮਾਲਪੁਰਾ, ਸੀਲੋਆਣੀ ਹੋ ਕੇ ਲੰਮੇ ਜਟਪੁਰੇ ਪਹੁੰਚੇ। ਏਥੋਂ ਫੇਰ ਰਾਏਕੋਟ ਆ ਕੇ ਸਾਹਿਬਜ਼ਾਦਿਆਂ ਦੀ ਖ਼ਬਰ ਮੰਗਵਾਈ। ਲੰਮੇ ਜਟਪੁਰੇ ਤੋਂ ਮਾਣੂਕੇ ਤੇ ਹੋਰ ਨਗਰਾਂ ਵਿਚ ਦੀ ਵਿਚਰਦੇ ਹੋਏ ਤਖਤੂ ਪੁਰੇ ਤੇ ਫੇਰ ਮਧੇ ਪਹੁੰਚੇ। ਏਥੋਂ ਆਪ ਨੂੰ ਲਖਮੀਰ, ਸਮੀਰ ਤੇ ਤਖਤ ਮਲ ਭਿੰਨੇ ਭਾਈ ਜੋ ਰਾਏ ਜੋਧ ਚੌਧਰੀ ਦੀ ਬੰਸ ਵਿਚੋਂ ਸਨ, ਆਪ ਨੂੰ ਦੀਨੇ ਲੈ ਗਏ। ਇਥੋਂ ਹੀ ਆਪ ਨੇ ਜ਼ਫ਼ਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ। ਏਥੇ ਹੀ ਆਪ ਨੇ ਦੋ ਹਜ਼ਾਰ ਜਵਾਨਾਂ ਦੀ ਫ਼ੌਜ ਭਰਤੀ ਕੀਤੀ। ਏਥੋਂ ਆਪ ਇਸ ਇਲਾਕੇ ਦੇ ਨਗਰਾਂ ਵਿਚ ਵਿਚਰਦੇ ਹੋਏ ਕੋਟ ਕਪੂਰੇ ਪੁੱਜੇ। ਏਥੋਂ ਅੱਗੇ ਚੌਧਰੀ ਕਪੂਰ ਸਿੰਘ ਦੀ ਸਲਾਹ ਨਾਲ ਮੁਕਤਸਰ ਜਾ ਕੇ ਸੂਬਾ ਸਰਹੰਦ ਨਾਲ ਜੰਗ ਕਰਕੇ ਉਸ ਨੂੰ ਹਾਰ ਦਿਤੀ। ਮੁਕਤਸਰ ਤੋਂ ਵਿਚਰਦੇ ਹੋਏ ਆਪ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਇਥੇ ਆਪ ਨੌ ਮਹੀਨੇ, ਨੌ ਦਿਨ, ਨੌ ਘੜੀਆਂ, ਨੌ ਪਲ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਚਾਰਨ ਕਰਕੇ ਮੁਕੰਮਲ ਰੂਪ ਵਿਚ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ ਤੇ ਬੜੇ ਭਾਰੇ ਪੈਮਾਨੇ ਪਰ ਅੰਮ੍ਰਿਤ ਪ੍ਰਚਾਰ ਕਰਕੇ ਹਜ਼ਾਰਾਂ ਲੋਕਾਂ ਨੂੰ ਅੰਮ੍ਰਿਤ ਛਕਾਇਆ।

੬. ਦਮਦਮੇ ਸਾਹਿਬ ਤੋਂ ਹੀ ਆਪ ਦਾ ਆਖਰੀ ਦੱਖਣ ਦਾ ਸਫ਼ਰ ਸ਼ੁਰੂ ਹੁੰਦਾ ਹੈ। ਆਪ ਰਾਜਸਥਾਨ ਦੇ ਇਲਾਕੇ ਸਰਸੇ ਤੋਂ ਅੱਗੇ ਨੌਹਰ ਸਹੇਵਾ ਸਾਹਿਬ ਆਦਿ ਥਾਵਾਂ ਵਿਚ ਹੰਸ ਨਦੀ, ਮਘਵਤ ਕੌਤਕ ਕਰਦੇ ਹੋਏ ਚਤੌੜ ਗੜ੍ਹ, ਪੁਸ਼ਕਰ ਤੇ ਦਾਦੂ ਦੁਆਰੇ ਆਦਿ ਥਾਵਾਂ ਤਾਹੀਂ ਹੁੰਦੇ ਹੋਏ ਨਾਂਦੇੜ ਹਜ਼ੂਰ ਸਾਹਿਬ ਪਹੁੰਚੇ ਤੇ ਬਾਬੇ ਬੰਦੇ ਬਹਾਦਰ ਨੂੰ ਪੰਜਾਬ ਦੇ ਦੁਸ਼ਟਾਂ ਨੂੰ ਸੋਧਣ ਲਈ ਤਿਆਰ ਕਰਕੇ ਪੰਜਾਬ ਵਲ ਜਾਣ ਦੀ ਹਦਾਇਤ ਕੀਤੀ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਇਕ ਸਾਲ ਸਤ ਮਹੀਨੇ ਦੇ ਅੰਦਰ ਅੰਦਰ ਕੁੰਜ ਪੁਰਾ, ਸਮਾਣਾ, ਸਾਢੌਰਾ ਦੇ ਦੁਸ਼ਟਾਂ ਨੂੰ ਸੋਧ ਕੇ ਸਰਹੰਦ ਦੇ ਜ਼ਾਲਮ ਸੂਬੇਦਾਰ ਵਜ਼ੀਰ ਖਾਂ ਤੇ ਦੁਸ਼ਟ ਦੀਵਾਨ ਸੁਚਾ ਨੰਦ ਨੂੰ ਕੀਤੇ ਦਾ ਫਲ ਭੁਗਤਾਇਆ। ਸਰਹੰਦ ਦਾ ਜੰਗ ੨੨ ਮਈ ੧੭੧੦ ਈਸਵੀ ਨੂੰ ਚਪੜਚਿੜੀ ਪਿੰਡ ਦੇ ਮੈਦਾਨ ਵਿਚ ਹੋਇਆ ਸੀ। ਏਸ ਡੇਢ ਸਾਲ ਦੇ ਸਮੇਂ 'ਚ ਹੇਠ ਲਿਖੇ ਦੋਸ਼ੀ ਸੋਧੇ।

ਸਮਾਣੇ ਦੇ ਤਿੰਨੇ ਜਲਾਦ, ਜਿਨ੍ਹਾਂ ਦੇ ਨਾਮ ਉਪਰ ਆ ਚੁੱਕੇ ਹਨ ਤੇ ਉਥੋਂ

ਦੇ ਹੋਰ ਆਗੂਆਂ ਨੂੰ ਬਚਨ ਭੰਗ ਕਰਨ ਤੇ ਬਾਬੇ ਬੰਦੇ ਨਾਲ ਸੁਲ੍ਹਾ ਕਰਕੇ ਸੂਬੇ ਸਰਹੰਦ ਨੂੰ ਚਿੱਠੀ ਭੇਜ ਕੇ ਸੱਦਣ ਲਈ ਧੋਖਾ ਦੇਣ ਦੇ ਅਪਰਾਧ ਵਿਚ ਕਤਲ ਕੀਤਾ। ਉਥੇ ਕਤਲ ਗੜ੍ਹ ਹੁਣ ਤਕ ਕਾਇਮ ਹੈ। ਬੁੱਧੂ ਸ਼ਾਹ ਨੂੰ ਕਤਲ ਕਰਾਉਣ ਵਾਲੇ ਸਢੌਰੇ ਦੇ ਉਸਮਾਨ ਖਾਨ ਨੂੰ ਸੋਧ ਕੇ ਸਰਹੰਦ ਦੇ ਸੂਬੇ ਵਜ਼ੀਰ ਖਾਂ ਤੇ ਦੀਵਾਨ ਸੁੱਚਾ ਨੰਦ ਨੂੰ ਟਿਕਾਣੇ ਲਾਇਆ। ਡੇਢ ਸਾਲ ਵਿਚ ੧੭ ਦੋਸ਼ੀਆਂ ਵਿਚੋਂ ੬ ਵੱਡੇ ਦੋਸ਼ੀਆਂ ਨੂੰ ਦੰਡ ਦਿਤਾ ਗਿਆ।

## ੬. ਗੁਰੂ ਸਾਹਿਬ ਦੀ ਸ਼ਖ਼ਸੀਅਤ

ਗੁਰੂ ਘਰ ਵਿਚ ਗੁਰੂ ਤੇ ਸਤਿਗੁਰੂ ਦਾ ਮਰਤਬਾ ਬਹੁਤ ਉੱਚਾ ਹੈ। ਗੁਰੂ ਦਾ ਲੱਛਣ ਇਹ ਹੈ :

੧. **ਭੁਲਣਅੰਦਰਿਸਭੁਕੋਅਭੁਲੁਗੁਰੂਕਰਤਾਰੁ॥**

੨. **ਕਰਤੇਕੀਮਿਤਿਕਰਤਾਜਾਣੈਕੈਜਾਣੈਗੁਰੁਸੂਰਾ॥**

੩. **ਘਰਮਹਿਘਰੁਦੇਖਾਇਦੇਇਸੋਸਤਿਗੁਰੁਪੁਰਖੁਸੁਜਾਣੁ॥**

੪. **ਮੇਰਾਗੁਰੁਦਇਆਲੁਸਦਾਰੰਗਿਲੀਣਾ॥**

੫. **ਸਤਿਪੁਰਖੁਜਿਨਿਜਾਨਿਆਸਤਿਗੁਰੁਤਿਸਕਾਨਾਉ॥**

ਇਹਨਾਂ ਵਾਕਾਂ ਵਿਚ ਦਸੇ ਗੁਰੂ ਦੇ ਲੱਛਣ ਤੇ ਗੁਣ ਕੇਵਲ ਦਸਾਂ ਗੁਰੂਆਂ ਵਿਚ ਹੀ ਮਿਲਦੇ ਹਨ। ਸਭ ਤੋਂ ਵੱਡੀ ਗੱਲ ਗੁਰੂ ਦੀ ਇਹ ਹੈ ਕਿ ਉਹ ਅਕਾਲ ਪੁਰਖ ਦੀ ਜੋਤ ਨਾਲ ਅਭੇਦ, ਅਭੁਲ ਤੇ ਸਦਾ ਅਕਾਲ ਪੁਰਖ ਦੇ ਰੰਗ ਵਿਚ ਰਤਾ ਰਹਿਣ ਵਾਲਾ, ਦੁਖ ਸੁਖ ਤੋਂ ਨਿਰਲੇਪ ਹੈ।

ਇਸ ਤਰ੍ਹਾਂ ਦੇ ਸਰਬ ਗੁਣਾਂ ਪੂਰਨ ਤੇ ਕਲਾਧਾਰੀ ਪੂਰਨ ਸੰਤ ਤੇ ਗੁਰੂ, ਦਸਮੇਂ ਪਾਤਸ਼ਾਹ ਸਨ, ਉਹ ਹੁਣ ਭੀ ਹਾਜ਼ਰ ਨਾਜ਼ਰ ਤੇ ਪ੍ਰੇਮੀ ਜਨਾਂ ਨੂੰ ਸ਼ਾਖਸ਼ਾਤ ਪ੍ਰਗਟ ਹੋ ਕੇ ਦਰਸ਼ਨ ਦਿੰਦੇ ਹਨ। ਸ੍ਰੀ ਹੇਮਕੁੰਟ ਸਾਹਿਬ ਜਾਣ ਵਾਲੇ ਕਈ ਸੱਜਣਾਂ ਨੇ ਸਾਨੂੰ ਦਸਿਆ ਹੈ ਕਿ ਰਾਤ ਨੂੰ ਦੋ ਵਜੇ ਦੇ ਸਮੇਂ ਹੇਮਕੁੰਟ ਸਾਹਿਬ ਦੇ ਲੋਕਪਾਲ ਸਰੋਵਰ ਵਿਚ ਅਸਚਰਜ ਕੌਤਕ ਹੁੰਦਾ ਹੈ। ਗੁਰੂ ਸਾਹਿਬ ਤੇ ਉਨ੍ਹਾਂ ਦੇ ਹਜ਼ੂਰੀ ਸਿੰਘਾਂ ਦੇ ਦਰਸ਼ਨ ਹੁੰਦੇ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀਆਂ ਪੁਸਤਕਾਂ 'ਜੇਹਲ ਚਿੱਠੀਆਂ', 'ਦਰਸ਼ਨ ਝਲਕਾਂ' ਤੇ 'ਜੋਤਿ ਵਿਗਾਸ' ਵਿਚ ਅਕਾਲ ਪੁਰਖ ਤੇ ਦਸਮੇਸ਼ ਜੀ ਦੇ ਪ੍ਰਤੱਖ ਦਰਸ਼ਨਾਂ ਦੇ ਨਜ਼ਾਰੇ ਵਰਣਨ ਕੀਤੇ ਹਨ। ਉਹ

ਗੁਰਪੁਰਬਾਂ ਦੇ ਸਬੰਧ ਵਿਚ ਜਦੋਂ ਕਵਿਤਾ ਲਿਖਦੇ ਸਨ, ਤਾਂ ਦਰਸ਼ਨਾਂ ਦੇ ਪ੍ਰਤੱਖ ਨਜ਼ਾਰੇ ਦੇਖ ਕੇ ਹੀ ਲਿਖਿਆ ਕਰਦੇ ਸਨ। ਇਹਨਾਂ ਦੀਆਂ ਕਵਿਤਾਵਾਂ ਸ਼ਾਇਰਾਨਾ ਤਖੱਈਅਲ ਅਰਥਾਤ ਕਵੀਆਂ ਵਾਲੀ ਖਿਆਲੀ ਉਡਾਰੀ ਨਹੀਂ, ਸਗੋਂ ਪ੍ਰਤੱਖ ਪ੍ਰਮਾਣ ਹਨ। ਦਸਮ ਪਾਤਸ਼ਾਹ ਗੁਰ ਗੱਦੀ ਪਰ ਅਨੰਦ ਤੇ ਮੁਕਤ ਦੇ ਦਾਤੇ ਸਨ, ਵਿਦਵਾਨਾਂ ਦੀ ਸਭਾ ਵਿਚ ਧੁਰੰਧਰ ਵਿਦਵਾਨ ਤੇ ਅਦੁੱਤੀ ਕਵੀ ਸਨ। ਉਹਨਾਂ ਦਾ ਛਪੈ ਛੰਦ ਪ੍ਰਸਿੱਧ ਹੈ, ਜੋ ਅਦੁੱਤੀ ਮੰਨਿਆ ਜਾਂਦਾ ਹੈ। ਮੈਦਾਨੇ ਜੰਗ ਵਿਚ ਉਹ ਅਦੁੱਤੀ ਯੋਧੇ ਤੇ ਜਰਨੈਲ ਸਨ। ਸ੍ਰੀ ਅਨੰਦਗੜ੍ਹ ਸਾਹਿਬ ਦਾ ਕਿਲ੍ਹਾ ਫੌਜੀ ਨੁਕਤੇ ਖਿਆਲ ਨਾਲ ਇਕ ਖਾਸ ਮਹੱਤਤਾ ਰਖਦਾ ਹੈ। ਜਿਥੇ ਹੁਣ ਫੇਰ ਰੌਣਕਾਂ ਵੱਧ ਰਹੀਆਂ ਹਨ। ਸਮਾਂ ਆਵੇਗਾ ਕਿ ਏਥੇ ਫੇਰ ਕਲਾ ਵਰਤੇਗੀ।

ਗੁਰੂ ਸਾਹਿਬ ਨੇ ਸਮੇਂ ਅਨੁਸਾਰ ਸਾਰੇ ਗੁਣ ਖਾਲਸੇ ਵਿਚ ਭਰ ਦਿਤੇ। ਇਹ ਗੁਣ ਐਸੇ ਸਨ ਕਿ ਰਹਿੰਦੀ ਦੁਨੀਆਂ ਤਕ ਸਦਾ ਹੀ ਖਾਲਸੇ ਨੂੰ ਚੜ੍ਹਦੀ ਕਲਾ ਵਿਚ ਰਖਣ ਵਾਲੇ ਹਨ। ਸਿਖਾਂ ਦੀ ਦਸ਼ਾ ਓਦੋਂ ਹੀ ਢਹਿੰਦੀ ਕਲਾ ਵਾਲੀ ਹੁੰਦੀ ਹੈ, ਜਦੋਂ ਇਹ ਸਿਖੀ ਅਸੂਲਾਂ ਵਲੋਂ ਅਵੇਸਲੇ ਹੁੰਦੇ ਹਨ ਤੇ ਇਹਨਾਂ ਵਿਚ ਮਿਲਗੋਭਾਪਨ ਆ ਜਾਂਦਾ ਹੈ। ਖਾਲਸੇ ਲਈ ਗੁਰੂ ਜੀ ਦੀ ਇਹ ਸਿੱਖਿਆ ਸਦਾ ਮੁਖ ਨਿਸ਼ਾਨਾ ਹੋਣਾ ਚਾਹੀਦਾ ਹੈ :

**ਜਬਲਗਖ਼ਾਲਸਾਰਹੇਨਿਆਰਾ॥**
**ਤਬਲਗਤੇਜਦੀਉਮੈਂਸਾਰਾ॥**
**ਜਬਇਹਗਹੈਬਿਪਰਨਕੀਰੀਤ॥**
**ਮੈਂਨਕਰੋਂਇਨਕੀਪ੍ਰਤੀਤ॥**

(ਸ੍ਰੀ ਸਰਬਲੋਹ ਗ੍ਰੰਥ)

ਗੁਰੂ ਸਾਹਿਬ ਓਦੋਂ ਹੀ ਖਾਲਸੇ ਦੇ ਸੰਗ ਹੋਣਗੇ, ਜਦੋਂ ਖਾਲਸਾ ਮਿਲਗੋਭਾਪਨ ਤੇ ਮਲੇਛੀ-ਭਾਵ ਤਿਆਗ ਕੇ ਨਿਆਰਾ ਹੋ ਕੇ ਗੁਰੂ ਦੇ ਆਸਰੇ ਪਰਨੇ ਹੋਵੇਗਾ।

ਗੁਰੂ ਦਸਮ ਪਾਤਸ਼ਾਹ ਨੇ ਸਿਖਾਂ ਨੂੰ ਬਖ਼ਸ਼ਸ਼ਾਂ ਦਾ ਮੀਂਹ ਬਰਸਾਉਣ ਦੀ ਕਸਰ ਨਹੀਂ ਰਖੀ ਸੀ, ਪਰ ਸਿਖ ਡੋਲ ਜਾਂਦੇ ਰਹੇ। ਅਨੰਦਪੁਰ ਦੇ ਜੰਗ ਸਮੇਂ ਡੋਲ ਕੇ, ਬੇਦਾਵਾ ਲਿਖ ਕੇ ਭੁੱਲ ਕੀਤੀ। ਫੇਰ ਗੁਰੂ ਸਾਹਿਬ ਦਾ ਹੁਕਮ

ਨਾ ਮੰਨ ਕੇ ਅਨੰਦਪੁਰ ਸਾਹਿਬ ਮੱਲੋਮੱਲੀ ਛੱਡਣ ਪਰ ਤਿਆਰ ਹੋ ਗਏ ਤੇ ਅਨੰਦਪੁਰ ਛਡ ਦਿਤਾ ਪਰ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ। ਓੜਕ ਇਸ ਨਾਫ਼ੁਰਮਾਨੀ ਦੇ ਕਾਰਨ ਦੁਖ ਪਾਇਆ। ਪਹਾੜੀ ਰਾਜਿਆਂ ਨੂੰ ਗੁਰੂ ਦਾ ਉਪਦੇਸ਼ ਨਾ ਭਾਇਆ, ਉਲਟਾ ਵਿਰੋਧ ਕਰਨ ਲਗ ਪਏ। ਦਮਦਮੇ ਸਾਹਿਬ ਚੌਧਰੀ ਡਲਾ ਸਿੰਘ ਤੇ ਭਾਈ ਭਗਤੂ ਕੇ ਭਾਈ ਰਾਮ ਸਿੰਘ ਗੁਰੂ ਸਾਹਿਬ ਨੂੰ ਦੱਖਣ ਦੇ ਸਫ਼ਰ ਵਿਚ ਚੋਰੀ ਛੱਡ ਕੇ ਚਲੇ ਆਏ। ਉਦੋਂ ਗੁਰੂ ਸਾਹਿਬ ਦੀ ਸਕੀਮ ਸੀ ਕਿ ਦੱਖਣ ਜਾ ਕੇ ਤੁਹਾਨੂੰ ਰਾਜ ਲੈ ਕੇ ਦਿਆਂਗੇ, ਪਰ ਸਮਰਥ ਗੁਰੂ ਦੀ ਗੱਲ ਨੂੰ ਇਹ ਅੰਞਾਣ ਸੱਜਣ ਸਮਝ ਨਾ ਸਕੇ। ਸਾਖੀਆਂ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਤੋਂ ਪਿਛੋਂ ਕਈ ਬਰਸ ਤਕ ਖਾਲਸਾ ਇਸ ਅਵੱਗਯਾ ਦਾ ਫਲ ਭੋਗੇਗਾ, ਪਿਛੋਂ ਗੁਰੂ ਕੀ ਕਲਾ ਵਰਤੇਗੀ। ਤੇ ਕਲਗੀਧਰ ਪਾਤਸ਼ਾਹ ਫੇਰ ਕਲਾ ਵਰਤਾਉਣਗੇ ਤੇ ਖਾਲਸੇ ਦਾ ਹਲੀਮੀ ਰਾਜ ਹੋਵੇਗਾ। ਕਵਿ ਸੈਨਾਪਤਿ ਨੇ 'ਗੁਰਸੋਭਾ ਗ੍ਰੰਥ' ਵਿਚ ਲਿਖਿਆ ਹੈ ਕਿ ਗੁਰ ਦਸਮ ਪਾਤਸ਼ਾਹ ਅੰਮ੍ਰਿਤ ਜੋਤਿ ਦਾ ਪ੍ਰਕਾਸ਼ ਕਰਨਗੇ ਤੇ ਪ੍ਰਗਟ ਹੋ ਕੇ ਸੰਸਾਰ ਦਾ ਉਧਾਰ ਕਰਨਗੇ। ਇਹ ਸਮਾਂ ਹੁਣ ਨੇੜੇ ਹੀ ਆ ਰਿਹਾ ਹੈ।

## ਜਗਮਗ ਜੋਤਿ ਜਗੈ

ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਮਤਕਾਰ ਅਲੌਕਿਕ ਹਨ, ਜੋ ਦੁਨੀਆਂ ਦੇ ਸਿਆਣਿਆਂ ਦੀ ਸਮਝ ਤੋਂ ਪਰੇ ਹਨ। ਸ੍ਰੀ ਚਮਕੌਰ ਸਾਹਿਬ ਜਿਸ ਜਗ੍ਹਾ ਕਿਲ੍ਹੇ ਦੀ ਅਟਾਰੀ ਵਿਚ ਬੈਠ ਕੇ ਦਸਮੇਸ਼ ਜੀ ਨੇ ਜੰਗ ਕੀਤਾ ਸੀ, ਦੁਸ਼ਮਨਾਂ ਪਰ ਤੀਰ ਬਰਸਾਏ ਸਨ, ਉਸ ਗੁਰਦੁਆਰੇ ਉਪਰ ਰਾਤ ਨੂੰ ਕੁਦਰਤੀ ਤੌਰ ਤੇ ਜੋਤ ਜਗਮਗ ਕਰਦੀ ਹੋਈ ਰੋਸ਼ਨ ਹੁੰਦੀ ਹੈ। ਏਸ ਚਾਨਣੇ ਨੂੰ ਏਸ ਇਲਾਕੇ ਦੇ ਲੋਕ ਨਿੱਤ ਹੀ ਵੇਖਦੇ ਹਨ। ਏਹ ਚਾਨਣਾ ਬੜੀ ਅਲੌਕਿਕ ਚਮਕ ਵਾਲਾ ਹੁੰਦਾ ਹੈ। ਦਾਸ ਨੇ ੧੯੨੯ ਵਿਚ ਹੋਰ ਬਹੁਤ ਸਾਰੇ ਸੱਜਣਾਂ ਸਮੇਤ ਫਰਵਰੀ ਦੇ ਮਹੀਨੇ ਵਿਚ ਏਸ ਜੋਤਿ ਚਾਨਣੇ ਦੇ ਦਰਸ਼ਨ ਕੀਤੇ ਸਨ। ਖੂਬੀ ਏਹ ਹੈ ਕਿ ਚਮਕੌਰ ਸਾਹਿਬ ਨਗਰ ਦੀ ਹੱਦ ਤੋਂ ਬਾਹਰ ਜਾ ਕੇ ਦਿੱਸਦਾ ਹੈ। ਹੱਦ ਦੇ ਅੰਦਰ ਆ ਕੇ ਨਹੀਂ ਦਿੱਸਦਾ। ਚਮਕੌਰ ਸਾਹਿਬ ਦਾ ਏਹ ਅਸਥਾਨ ਬੜਾ ਹੀ ਮਹੱਤਤਾ ਵਾਲਾ ਹੈ ਜਿਥੇ ਗੁਰੂ ਸਾਹਿਬ ਨੇ ਜੁੱਧ ਨੀਤੀ ਤੇ ਜੰਗੀ ਹੁਨਰ ਦਾ ਕਮਾਲ ਕਰ ਦਿਖਾਇਆ।

ਸਿਖ ਪੰਥ ਬੜੀ ਚਿੰਤਾ ਜਨਕ ਹਾਲਾਤ ਵਿਚ ਦੀ ਲੰਘ ਰਿਹਾ ਹੈ। ਸ਼ਰਧਾਲੂ ਸੱਜਣ ਗੁਰੂ ਸਾਹਿਬ ਪਾਸ ਫਰਿਆਦ ਕਰ ਰਹੇ ਹਨ ਕਿ ਕਲਗੀਆਂ ਵਾਲਾ ਛੇਤੀ ਬਹੁੜੇ ਤੇ ਆਪਣੇ ਖਾਲਸਾ ਪੰਥ ਰੂਪੀ ਖੇਤੀ ਦੀ ਸੰਭਾਲ ਕਰੇ। ਉਹ ਏਸ ਸ਼ੁਭ ਘੜੀ ਨੂੰ ਉਡੀਕ ਰਹੇ ਹਨ, ਜਿਸ ਬਾਰੇ ਸੈਨਾਪਤਿ ਹਜ਼ੂਰੀ ਕਵੀ ਨੇ ਲਿਖਿਆ ਹੈ :

ਅਮਿਤ ਜੋਤਿ ਪ੍ਰਕਾਸ਼ ਕੈ ਦੋਹੈਂ ਦਰਸ ਅਪਾਰ।
ਸੁਣਿ ਮਨ ਮੀਤ ਬੀਚਾਰ ਕੈ ਸਰਨ ਤਾਹਿ ਚਿਤ ਧਾਰ।

ਕਲਗੀਧਰ ਹਾਜ਼ਰ ਨਾਜ਼ਰ ਹਨ, ਉਸ ਦੀ ਖੇਡ ਅਚਰਜ ਹੈ। ਏਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

**ਵਹਪ੍ਰਗਟਿਓਮਰਦਅਗੰਮੜਾਵਰੀਆਮਅਕੇਲਾ॥**
**ਵਾਹਵਾਹਗੋਬਿੰਦਸਿੰਘਆਪੇਗੁਰਚੇਲਾ॥**

(ਭਾਈ ਗੁਰਦਾਸ ਜੀ - ਵਾਰ ੪੧)

ਗੁਰੂ ਸਾਹਿਬ ਨੇ ਫੁਰਮਾਇਆ ਹੈ ਮੇਰੇ ਤਿੰਨ ਰੂਪ ਹਨ। ਇਕ ਜੋਤਿ ਰੂਪ ਵਿਚ ਹੁਣ ਵੀ ਸੰਸਾਰ ਵਿਚ ਵਿਚਰ ਰਹੇ ਹਨ, ਤੇ ਪ੍ਰੇਮੀ ਜਨਾਂ ਨੂੰ ਉਨ੍ਹਾਂ ਦੇ ਪ੍ਰੇਮ ਵਸ ਹੋ ਕੇ ਦਰਸ਼ਨ ਦੇ ਰਹੇ ਹਨ। ਦੂਜਾ ਸ਼ਬਦ ਰੂਪ ਵਿਚ ਜਿਸ ਰੂਪ ਵਿਚ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਪ੍ਰਤੱਖ ਹਨ। ਤੀਜਾ ਹੈ ਉਨ੍ਹਾਂ ਦਾ ਸਰੀਰਕ ਰੂਪ ਖਾਲਸਾ ਪੰਥ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਰੂਪ ਦੇ ਤਾਬੇ ਹੈ।

**ਇਉਂਤੀਸਰਪੰਥਚਲਾਇਅਨਵਡਸੂਰਗਹੇਲਾ॥**
**ਵਾਹਵਾਹਗੋਬਿੰਦਸਿੰਘਆਪੇਗੁਰਚੇਲਾ॥**

(ਭਾਈ ਗੁਰਦਾਸ ਜੀ - ਵਾਰ ੪੧)

ਗੁਰੂ ਰੂਪ ਵਿਚ ਉਹ ਮੁਕਤੀ ਦਾਤੇ ਤੇ ਖਾਲਸੇ ਨੂੰ ਅਬਿਨਾਸੀ ਪਦ ਬਖ਼ਸ਼ਣ ਵਾਲੇ ਸਨ। ਤਦੇ ਕਰਨੀ ਵਾਲੇ ਨਿਹੰਗ ਸਿੰਘ ਕਿਹਾ ਕਰਦੇ ਹਨ ਕਿ ਖਾਲਸਾ ਅਬਿਨਾਸੀ ਹੈ ਤੇ ਬਾਕੀ ਸਭ ਚੁਰਾਸੀ ਹੈ। ਕਿਉਂਕਿ ਜੋ ਗੁਰੂ ਸਾਹਿਬ ਦੇ ਉਪਦੇਸ਼ਾਂ ਪਰ ਵਰਤੋਂ ਕਰਕੇ ਦ੍ਰਿੜ੍ਹ ਰਹਿੰਦਾ ਹੈ, ਉਹ ਚੁਰਾਸੀ ਦੇ ਗੇੜ ਵਿਚ ਨਹੀਂ ਆਉਂਦਾ। ਖਾਲਸਾ ਉਦੋਂ ਹੀ ਢਹਿੰਦੀ ਕਲਾ ਵਿਚ ਜਾਂਦਾ ਹੈ, ਜਦੋਂ ਉਹ ਸਿਖੀ ਆਦਰਸ਼ ਤੋਂ ਡਿੱਗਦਾ ਹੈ। ਜਦੋਂ ਉਸ ਵਿਚ ਪ੍ਰੇਮ,

ਤਿਆਗ ਤੇ ਕੁਰਬਾਨੀ ਦੀ ਥਾਂ ਹਉਮੈ ਤੇ ਸ਼ੁਹਰਤ ਵਿਚ ਵਹਿਣ, ਲਾਲਚ, ਮਨ ਮਾਇਆ ਦੀ ਭੁੱਖ ਆ ਵੱਸਦੀ ਹੈ।

ਗੁਰੂ ਸਾਹਿਬ ਹੁਣ ਭੀ ਹਾਜ਼ਰ ਨਾਜ਼ਰ ਹਨ। ਜਿਨ੍ਹਾਂ ਨੇ ਉਹ ਖਾਲਸਾ ਪੰਥ ਪੈਦਾ ਕੀਤਾ ਜਿਸ ਨੇ ਢਾਈ ਹਜ਼ਾਰ ਬਰਸ ਤੋਂ ਉੱਤਰ-ਪੱਛਮ ਦੀ ਹੱਦ ਵਲੋਂ ਹਿੰਦੁਸਤਾਨ ਪਰ ਹਮਲਾ ਕਰਨ ਵਾਲਿਆਂ ਦੇ ਮੂੰਹ ਮੋੜ ਕੇ ਹਿੰਦੁਸਤਾਨ ਦੀ ਹੱਦ ਦੀ ਰਖਿਆ ਕਰ ਕੇ ਇਤਿਹਾਸ ਨੂੰ ਬਦਲ ਕੇ ਰਖ ਦਿਤਾ। ਜਿਸ ਨੇ ਦਿੱਲੀ ਦੀ ਮੁਗਲ ਸਰਕਾਰ ਦੀ ਸਖਤੀ ਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਨੂੰ ਠੱਲ੍ਹ ਪਾ ਕੇ ਦੋ ਜਾਬਰ ਸਰਕਾਰਾਂ ਦਾ ਟਾਕਰਾ ਕਰਕੇ ਪੰਜਾਬ ਵਿਚ ਆਪਣੀ ਸੁਤੰਤਰ ਬਾਦਸ਼ਾਹੀ ਕਾਇਮ ਕਰ ਦਿਤੀ। ਥੋੜ੍ਹੀ ਗਿਣਤੀ ਵਿਚ ਹੁੰਦਿਆਂ ਹੋਇਆਂ ਭੀ ਗੁਰੂ ਆਸਰੇ ਤੇ ਗੁਰੂ ਕੀ ਕਲਾ ਦੀ ਬਰਕਤ ਨਾਲ ੬੦ ਸਾਲ ਲਗਾਤਾਰ ਪੰਜਾਬ ਵਿਚ ਜੰਗ ਕਰਕੇ ਸਿਖੀ ਧਰਮ ਨੂੰ ਕਾਇਮ ਰਖਿਆ। ੧੭੬੧ ਈ. ਦੀ ਪਾਣੀਪਤ ਦੀ ਤੀਜੀ ਲੜਾਈ ਵਿਚ ਅਹਿਮਦ ਸ਼ਾਹ ਮਰਹੱਟਿਆਂ ਦੀ ਪੰਜ ਹਜ਼ਾਰ ਲੜਕੀਆਂ ਲੈ ਗਿਆ ਉਸ ਨੇ ਕਿਹਾ ਕਿ ਰੁਪਏ ਦੇ ਕੇ ਲੜਕੀਆਂ ਵਾਪਸ ਲੈ ਜਾਓ। ਪਰ ਮਰਹੱਟੇ ਏਹ ਕੁਝ ਨਾ ਕਰ ਸਕੇ। ਖਾਲਸੇ ਨੇ ਉਸ ਵੇਲੇ ਭੀ ਦੋ ਹਜ਼ਾਰ ਤਿੰਨ ਸੌ ਲੜਕੀਆਂ ਦੁਰਾਨੀਆਂ ਪਾਸੋਂ ਛੁਡਾ ਕੇ ਮਰਹੱਟਿਆਂ ਨੂੰ ਵਾਪਸ ਦਿਤੀਆਂ। ਏਹ ਸਭ ਕਲਾ ਖੰਡੇ ਦੇ ਅੰਮ੍ਰਿਤ ਦੀ ਬਰਕਤ ਤੇ ਖੰਡੇ ਦੀ ਸ਼ਕਤੀ ਕਰਕੇ ਸੀ।

ਗੁਰੂ ਸਾਹਿਬ ਦੀ ਸਰਬ ਲੋਹ ਦੀ ਫ਼ਿਲਾਸਫ਼ੀ ਬਾਰੇ ਐਂਡਮਾਂਡ ਕੈਂਡਲਰ ਜੋ ਕਦੇ ਮਹਿੰਦਰਾ ਕਾਲਜ ਪਟਿਆਲੇ ਦੇ ਪ੍ਰਿੰਸੀਪਲ ਰਹੇ, ਨੇ ਆਪਣੀ ਕਿਤਾਬ 'ਮੈਂਟਲ ਆਫ ਈਸਟ' ਵਿਚ ਇਸ ਤਰ੍ਹਾਂ ਲਿਖਿਆ ਹੈ :

**ਤਰਜਮਾ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਲੋਹ ਨੂੰ (ਆਤਮਕ ਉਦਤਾ ਪ੍ਰਾਪਤ ਕਰਵਾਉਣ ਵਾਲੀਆਂ ਵਸਤਾਂ ਵਿਚੋਂ ਸਮਝਦੇ ਹੋਏ) ਧਾਰਮਿਕ ਚਿੰਨ੍ਹਾਂ ਵਿਚ ਦਾਖਲ ਕਰਕੇ ਆਪਣੇ ਆਪ ਨੂੰ ਇਕ ਦੂਰ-ਅੰਦੇਸ਼ੀ ਤੇ ਸਿਆਣਾ ਆਗੂ ਸਾਬਤ ਕੀਤਾ। ਉਨ੍ਹਾਂ ਸਾਰੀਆਂ ਮਾਦੀ ਵਸਤਾਂ ਵਿਚੋਂ ਜਿਨ੍ਹਾਂ ਨੂੰ ਆਤਮਕ ਮੰਡਲ ਵਿਚ ਵਿਸ਼ੇਸ਼ ਅਰਥ ਰਖਣ ਵਾਲੀਆਂ ਸਮਝਿਆ ਗਿਆ ਹੈ, ਸਰਬ ਲੋਹ ਸਭ ਤੋਂ ਵਧੀਕ ਆਪਣੇ ਆਪ ਵਿਚ ਤੇ ਦੂਜਿਆਂ ਨੂੰ ਸਥਿਰ ਰਖਣ ਵਾਲੀ ਚੀਜ਼ ਹੈ। ਅਹਿੰਸਾ ਦੇ ਪਰਚਾਰਕ ਭਾਵੇਂ ਕੁਝ ਭੀ ਕਹਿਣ ਪਰ ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਕਿਸੇ ਵੀ ਸਮਾਜ ਤੇ ਸਰਬ ਲੋਹ ਦਾ ਅਸਰ ਪਵਿੱਤਰਤਾ

ਉਤਪੰਨ ਕਰਨ ਦੇ ਸਿਵਾ ਹੋਰ ਕੁਝ ਨਹੀਂ ਹੋਇਆ। ਕਈ ਮਤਾਂ ਵਿਚ ਸਿਰਫ ਇਸੇ ਨੂੰ ਊਣਤਾਈਆਂ ਦੂਰ ਕਰਨ ਵਾਲੀ ਵਸਤੂ ਮੰਨਿਆ ਗਿਆ ਹੈ। ਖਾਲਸੇ ਦੇ ਸਾਹਮਣੇ ਇਸ ਨੇ ਇਕ ਆਦਰਸ਼ ਰਖਿਆ ਅਤੇ ਇਸ ਨੇ (ਖਾਲਸੇ ਨੂੰ) ਇਕ ਕੌਮੀਅਤ ਦੇ ਸਾਂਚੇ ਵਿਚ ਢਾਲਿਆ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਜਦੋਂ ਮੁਸਲਮਾਨੀ ਰਾਜ ਆਪਣੀ ਭਿਆਨਕ ਤੇ ਅਮਾਵਸ ਦੇ ਅਨੇਰ ਵਾਲੀ ਸੂਰਤ ਵਿਚ ਸੀ ਤੇ ਸਿਖ ਨਜ਼ਰੀਂ ਆਉਂਦੇ ਹੀ ਕਤਲ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਲਈ ਖਿਮਾਂ ਯਾ ਰਖਿਆ ਉੱਕੀ ਹੀ ਅਸੰਭਵ ਸੀ। ਤਦੋਂ ਸਰਬ ਲੋਹ ਦੀ ਬਰਕਤ ਨਾਲ ਸਿਖ ਯੋਧਿਆਂ ਵਾਂਗੂੰ ਰਣ ਮਾਰਦੇ ਅੱਧੀ ਅੱਧੀ ਰਾਤੀਂ ਅੰਮ੍ਰਿਤਸਰ ਅਪੜਦੇ, ਸਰੋਵਰ ਵਿਚ ਇਸ਼ਨਾਨ ਕਰਕੇ ਮੁੜ ਵੈਰੀ ਦੇ ਦਲਾਂ ਨੂੰ ਚੀਰ ਕੇ ਸਾਫ ਨਿਕਲ ਜਾਂਦੇ ਸਨ। ਸੈਂਕੜੇ ਸਿਖ ਕਤਲ ਹੋ ਜਾਂਦੇ ਸਨ, ਪਰ ਉਨ੍ਹਾਂ ਵਿਚੋਂ ਕਿਸੇ ਇਕ ਨੇ ਭੀ ਆਪਣੇ ਮਿੱਟੀ ਦੇ ਨਾਸ਼ਵੰਤ ਸਰੀਰ ਨੂੰ ਸਲਾਮਤ ਰਖਣ ਲਈ ਧਰਮ ਨੂੰ ਤਿਲਾਂਜਲੀ ਨਹੀਂ ਦਿਤੀ ਯਾ ਆਪਣੀ ਆਤਮਾ ਨੂੰ ਮਲੀਨ ਨਹੀਂ ਕੀਤਾ।

## ੭. ਗੁਰੂ ਸਾਹਿਬ ਤੇ ਪੰਥ ਖ਼ਾਲਸਾ

ਗੁਰੂ ਦਸਮ ਪਾਤਸ਼ਾਹ ਨੇ ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪੰਥ ਸਾਜਿਆ ਤੇ ਏਸ ਨੂੰ "ਵਾਹਿਗੁਰੂ ਜੀ ਕਾ ਖਾਲਸਾ" ਆਖਿਆ ਤੇ ਸੱਚੇ ਖਾਲਸੇ ਦੀ ਮਹਿਮਾ ਇਉਂ ਬਿਆਨ ਕੀਤੀ ਹੈ :

**ਖ਼ਾਲਸਾਅਕਾਲਪੁਰਖਕੀਫ਼ੌਜ॥**
**ਪ੍ਰਗਟਿਓਖ਼ਾਲਸਾਪ੍ਰਮਾਤਮਕੀਮੌਜ॥**

(ਸ੍ਰੀ ਸਰਬਲੋਹ ਗ੍ਰੰਥ)

ਅਰਥਾਤ ਖਾਲਸਾ ਅਕਾਲ ਪੁਰਖ ਦੀ ਖੁਸ਼ੀ ਨਾਲ ਪ੍ਰਗਟ ਹੋਇਆ ਤੇ ਇਹ ਅਕਾਲ ਪੁਰਖ ਦੀ ਫੌਜ ਹੈ। ਗੁਰੂ ਸਾਹਿਬ ਨੇ ਖਾਲਸੇ ਨੂੰ ਆਪਣਾ ਰੂਪ ਦੇ ਕੇ ਇਉਂ ਵਡਿਆਇਆ ਹੈ :

**ਖ਼ਾਲਸਾਮੇਰੋਰੂਪਹੈਖ਼ਾਸ॥**
**ਖ਼ਾਲਸੇਮਹਿਹੌਕਰੌਨਿਵਾਸ॥**

(ਸ੍ਰੀ ਸਰਬਲੋਹ ਗ੍ਰੰਥ)

ਜੁਧਜਿਤੇਇਨਹੀਕੇਪ੍ਰਸਾਦਿ
ਇਨਹੀਕੇਪ੍ਰਸਾਦਿਸੁਦਾਨਕਰੇ॥
ਅਘਅਉਘਟਰੇਇਨਹੀਕੇਪ੍ਰਸਾਦਿ
ਇਨਹੀਕ੍ਰਿਪਾਫੁਨਧਾਮਭਰੇ॥
ਇਨਹੀਕੇਪ੍ਰਸਾਦਿਸੁਬਿਦਿਆਲਈ
ਇਨਹੀਕੀਕ੍ਰਿਪਾਸਭਸਤ੍ਰਮਰੇ॥
ਇਨਹੀਕੀਕ੍ਰਿਪਾਕੇਸਜੇਹਮਹੈ
ਨਹੀਮੋਸੇਗਰੀਬਕਰੋਰਪਰੈ॥੨॥
ਸੇਵਕਰੀਇਨਹੀਕੀਭਾਵਤ
ਅਉਰਕੀਸੇਵਸੁਹਾਤਨਜੀਕੋ॥
ਦਾਨਦਯੋਇਨਹੀਕੋਭਲੋ
ਅਰੁਆਨਕੋਦਾਨਨਲਾਗਤਨੀਕੋ॥
ਆਗੈਫਲੈਇਨਹੀਕੋਦਯੋ
ਜਗਮੈਜਸੁਅਉਰਦਯੋਸਭਫੀਕੋ॥
ਮੋਗ੍ਰਹਮੈਤਨਤੇਮਨਤੇ
ਸਿਰਲਉਧਨਹੈਸਭਹੀਇਨਹੀਕੇ॥੩॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੭੧੬)

ਖਾਲਸਾ ਕੌਣ ਹੈ ? ਗੁਰੂ ਸਾਹਿਬ ਇਉਂ ਦਸਦੇ ਹਨ :

ਜਾਗਤਜੋਤਿਜਪੈਨਿਸਬਾਸੁਰ
ਏਕੁਬਿਨਾਮਨਿਨੈਕਨਆਨੈ॥
ਪੂਰਨਪ੍ਰੇਮਪ੍ਰਤੀਤਸਜੈ
ਬ੍ਰਤਗੋਰਮੜ੍ਹੀਮਟਭੂਲਨਮਾਨੈ॥
ਤੀਰਥਦਾਨਦਇਆਤਪਸੰਜਮ
ਏਕੁਬਿਨਾਨਹਿਏਕਪਛਾਨੈ॥
ਪੂਰਨਜੋਤਿਜਗੈਘਟਮੈ
ਤਬਖਾਲਸਤਾਹਿਨਖਾਲਸਜਾਨੈ॥


(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੭੧੧)



ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਵਨ ਸ਼ਸਤਰ

# ਗਿਆਨੀ ਨਾਹਰ ਸਿੰਘ ਜੀ

(੧੮੮੨-੧੯੭੨)



ਆਪ ਜੀ ਨੂੰ ਸੰਨ ੧੯੧੪-੧੫ ਦੀ ਗਦਰ ਲਹਿਰ ਵਿਚ ਉਮਰ ਕੈਦ ਸੁਣਾਈ ਗਈ, ਜੋ ਪਿਛੋਂ ਪੰਜ ਸਾਲ ਰਹਿ ਗਈ । ਅਸਲੀ ਕੌਮੀ ਦਰਦ, ਸਿੱਖ ਸੇਵਕ, ਦੁਸ਼ਟ ਦਮਨ, ਗੁਰਸੇਵਕ, ਖਾਲਸਾ ਐਡਵੋਕੇਟ, ਪੰਜਾਬੀ ਰਤਨ, ਆਦਿ ਪੱਤਰਾਂ ਦੇ ਸੰਪਾਦਕ ਰਹੇ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਸਾਰੀਆਂ ਪੁਸਤਕਾਂ ਇਨ੍ਹਾਂ ਨੇ ਸੰਪਾਦਿਤ ਕੀਤੀਆਂ । ਆਪ ਵੀ ਕਈ ਨਿੱਕੀਆਂ ਵੱਡੀਆਂ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ ਪ੍ਰਸਿੱਧ ਹੈ : ਗੁਰਮੁਖ ਬਾਬੇ ।